ਸੀਤਲ ਸੁਗਾਤਾਂ



ਗਿ: ਸੋਹਣ ਸਿੰਘ ਸੀਤਲ

ਸੀਤਲ ਸੁਗਾਤਾਂ

ਲੇਖਕ

ਸੋਹਣ ਸਿੰਘ ਸੀਤਲ

ਲਾਹੌਰ ਬੁਕ ਸ਼ਾਪ
ਲੁਧਿਆਣਾ

ਸੱਭ ਹੱਕ ਲੇਖਕ ਦੇ ਰਾਖਵੇਂ ਹਨ ।

SEETAL SUGATAN (DHADI WARAN)

(SOHAN SINGH SEETAL)

2006

LBS
Rs.35

ਪ੍ਰਕਾਸ਼ਕ
ਤੇਜਿੰਦਰਬੀਰ ਸਿੰਘ
ਲਾਹੌਰ ਬੁਕ ਸ਼ਾਪ
ਲਾਜਪਤ ਰਾਏ ਮਾਰਕਿਟ
ਨੇੜੇ ਸੋਸਾਇਟੀ ਸਿਨੇਮਾ (ਲੁਧਿਆਣਾ)

ਛਾਪਕ : ਸਰਤਾਜ ਪ੍ਰਿੰਟਿੰਗ ਪ੍ਰੈਸ, ਜਲੰਧਰ

ਟਾਈਪ ਸੈਟਿੰਗ :
ਪੀ. ਐਲ. ਪ੍ਰਿੰਟਰਜ਼
24, ਭਦੌੜ ਹਾਊਸ ਮਾਰਕੀਟ
ਫੋਨ : 741068 ਲੁਧਿਆਣਾ ।

ਸੋਹਣ ਸਿੰਘ 'ਸੀਤਲ' ਰਚਿਤ

ਇਤਿਹਾਸ: ੧. ਵੇਖੀ ਮਾਣੀ ਦੁਨੀਆਂ, ੨. ਗੁਰੂ ਨਾਨਕ ਦੇਵ ਜੀ ਤੋਂ ਗੁਰੂ ਤੇਗ਼ ਬਹਾਦਰ ਜੀ, ੩. ਗੁਰੂ ਗੋਬਿੰਦ ਸਿੰਘ ਜੀ, ੪. ਲਾਸਾਨੀ ਸ਼ਹੀਦ ਗੁਰੂ ਤੇਗ਼ ਬਹਾਦਰ ਜੀ, ੫. ਬੰਦਾ ਸਿੰਘ ਸ਼ਹੀਦ, ੬. ਸਿੱਖਰਾਜ ਕਿਵੇਂ ਬਣਿਆਂ, ੭. ਸਿੱਖ ਮਿਸਲਾਂ ਤੇ ਸਰਦਾਰ ਘਰਾਣੇ, ੮. ਸਿੱਖਰਾਜ ਤੇ ਸ਼ੇਰੇ ਪੰਜਾਬ, ੯ ਸਿੱਖਰਾਜ ਕਿਵੇਂ ਗਿਆ, ੧੦. ਦੁਖੀਏ ਮਾਂ ਪੁੱਤ, ੧੧. ਗੁਰੂ ਇਤਿਹਾਸ ਦਸ ਪਾਤਸ਼ਾਹੀਆਂ, ੧੨. ਬਾਬਾ ਨਾਨਕ, ੧੩ ਧਰਮ ਦਾ ਰਾਖਾ ਗੁਰੂ ਤੇਗ਼ ਬਹਾਦਰ, ੧੪. ਸਿੱਖ ਸ਼ਹੀਦ ਤੇ ਯੋਧੇ, ੧੫ ਗੁਰਬਾਣੀ ਵਿਚਾਰ, ੧੬. ਮੇਰੇ ਇਤਿਹਾਸਕ ਲੈਕਚਰ ।

ਨਾਵਲ: ੧੭. ਜੁੱਗ ਬਦਲ ਗਿਆ, ੧੮. ਜਵਾਲਾ ਮੁਖੀ, ੧੯. ਮੁਲ ਦਾ ਮਾਸ, ੨੦. ਪਤਵੰਤੇ ਕਾਤਲ, ੨੧. ਵਿਜੋਗਣ, ੨੨ ਅੰਨ੍ਹੀ ਸੁੰਦਰਤਾ, ੨੩. ਦੀਵੇ ਦੀ ਲੋ, ੨੪. ਜੰਗ ਜਾਂ ਅਮਨ, ੨੫. ਬਦਲਾ, ੨੬. ਈਚੋਗਿਲ ਨਹਿਰ ਤਕ, ੨੭. ਕਾਲੇ ਪਰਛਾਂਵੇਂ, ੨੯. ਤੂਤਾਂ ਵਾਲਾ ਖੂਹ, ੩੦. ਧਰਤੀ ਦੇ ਦੇਵਤੇ, ੩੧. ਧਰਤੀ ਦੀ ਬੇਟੀ, ੩੨. ਪ੍ਰੀਤ ਕਿ ਰੂਪ, ੩੩. ਸੁੰਞਾਂ ਆਹਲਣਾਂ, ੩੪. ਮ: ਜਿੰਦਾਂ, ੩੫. ਮ: ਦਲੀਪ ਸਿੰਘ ।

ਕਵਿਤਾ: ੧. ਵਹਿੰਦੇ ਹੰਝੂ ੨. ਸੱਜਰੇ ਹੰਝੂ ੩. ਦਿਲ ਦਰਿਆ, ੪. ਮੇਰੇ ਗੀਤ, ੫. ਮੇਰੀ ਕਵਿਤਾ ਮੇਰੇ ਗੀਤ, ੬. ਮੇਰੀਆਂ ਢਾਡੀ ਵਾਰਾਂ ਪਹਿਲਾ ਭਾਗ, ੭. ਮੇਰੀਆਂ ਢਾਡੀ ਵਾਰਾਂ ਦੂਜਾ ਭਾਗ, ੮. ਮੇਰੀਆਂ ਢਾਡੀ ਵਾਰਾਂ ਤੀਜਾ ਭਾਗ, ੯. ਮੇਰੀਆਂ ਢਾਡੀ ਵਾਰਾਂ ਚੌਥਾ ਭਾਗ, ੧੦. ਨਾਵਲਕਾਰ ਸੋਹਣ ਸਿੰਘ ਸੀਤਲ, ੧੧. ਸਿੱਖ ਇਤਿਹਾਸ ਦੇ ਸੋਮੇ, ਪੰਜ ਭਾਗ ।

ਵਾਰਾਂ: ੧. ਸੀਤਲ ਕਿਰਣਾਂ, ੨. ਸੀਤਲ ਸੁਨੇਹੇ, ੩. ਸੀਤਲ ਹੰਝੂ, ੪. ਸੀਤਲ ਹੁਲਾਰੇ, ੫. ਸੀਤਲ ਤਰੰਗਾਂ, ੬. ਸੀਤਲ ਪ੍ਰਸੰਗ, ੭. ਸੀਤਲ ਪ੍ਰਕਾਸ਼, ੮. ਸੀਤਲ ਤਰਾਨੇ ੯. ਸੀਤਲ ਵਾਰਾਂ, ੧੦. ਸੀਤਲ ਤਾਂਘਾਂ, ੧੧. ਸੀਤਲ ਵਲਵਲੇ, ੧੨. ਸੀਤਲ ਚੰਗਿਆੜੇ, ੧੩. ਸੀਤਲ ਚਮਕਾਂ, ੧੪. ਸੀਤਲ ਰਮਜ਼ਾਂ, ੧੫. ਸੀਤਲ ਉਮੰਗਾਂ, ੧੬. ਸੀਤਲ ਅੰਗਿਆਰੇ, ੧੭. ਸੀਤਲ ਮੁਨਾਰੇ, ੧੮. ਸੀਤਲ ਸੁਗਾਤਾਂ ।

ਤਤਕਰਾ

ਦਸਮੇਸ਼ ਉਸਤਤ

ਹੱਥ ਮੈਂ ਬੰਨ੍ਹ ਕੇ ਬੰਦਨਾ ਕਰਦਾ ਕਲਗੀ ਵਾਲੇ ਨੂੰ
ਜਿਹੜਾ ਪਟਕ੍ਰੇ ਅੰਦਰ ਦੁਨੀਆਂ ਤਾਰਨ ਆਇਆ
ਜੀਹਦੇ ਬਾਲਕ-ਚੋਜਾਂ ਮੋਹ ਲਿਆ ਦੱਤ ਵਿਚਾਰੇ ਨੂੰ
ਕੀਤੀ ਝਾਤ, ਕਨ੍ਹਈਆ ਬਣ ਕੇ ਦਰਸ਼ ਦਿਖਾਇਆ
ਪੂਰਾ ਪ੍ਰੇਮ ਜਾਂ ਤਕਿਆ ਫ਼ਤਹਿ ਚੰਦ ਦੀ ਰਾਣੀ ਦਾ
ਮਾਤਾ ਕਹਿ ਕੇ, ਗੋਦੀ ਬਹਿ ਕੇ ਦਿਲ ਪਰਚਾਇਆ
ਦਰਸ਼ਨ ਦੇ ਕੇ ਮੋਹ ਲਿਆ ਭੀਖਣ ਸ਼ਾਹ ਫ਼ਕੀਰ ਨੂੰ
ਆਰਫ਼ਦੀਨ ਵਲੀ ਨੇ ਚਰਨੀ ਸੀਸ ਝੁਕਾਇਆ
ਦਰਦਾਂ ਵਾਲੇ ਨੇ ਫ਼ਰਯਾਦ ਸੁਣ ਲਈ ਦੁਖੀਆਂ ਦੀ
ਪਰਉਪਕਾਰ ਖ਼ਾਤਰ ਸੀਸ ਪਿਤਾ ਦਾ ਲਾਇਆ
ਤੀਰ ਕਮਾਨ ਫੜ ਕੇ ਆਇਆ ਵਿਚ ਮੈਦਾਨ ਦੇ
ਵੈਰੀ ਮਿਰਗਾਂ ਵਾਂਗੂੰ ਦੌੜੇ, ਸਿੰਘ ਭਬਕਾਇਆ
ਭੁੱਲ ਗਈ ਵੇਖ ਅਨੂਪ ਕੌਰਾਂ ਚੜ੍ਹਤ ਨਿਰਾਲੀ ਨੂੰ
ਨਰਕੀਂ ਡਿਗਦੀ ਨੂੰ ਫੜ ਮੁਕਤੀ ਦੇ ਰਾਹ ਪਾਇਆ
ਮੋਹ ਲਿਆ ਸੈਦ ਖ਼ਾਨ ਦਾ ਮਨ ਉਸ ਨੂਰੀ ਕਲਗੀ ਨੇ
ਉਹਦੇ ਤੀਰਾਂ ਨੂੰ ਸੱਯਾਦ ਸੀਸ ਝੁਕਾਇਆ
ਚਾਰੇ ਲਾਲ ਸ਼ਹੀਦੀ ਪਾ ਗਏ ਅੱਖਾਂ ਸਾਮ੍ਹਣੇ
ਉਹਦੇ ਨੈਣਾਂ ਦੇ ਵਿਚ ਪਾਣੀ ਮੂਲ ਨਾ ਆਇਆ
ਦੁੱਖ ਤਕਲੀਫ਼ਾਂ ਝੱਲੇ ਭਾਣਾ ਮੰਨ ਅਕਾਲ ਦਾ
ਸਿਰ 'ਤੇ ਬਣੀਆਂ ਤੋਂ ਨਹੀਂ ਡਰ ਕੇ ਦਿੱਤ ਡੁਲਾਇਆ
ਉਹਦੇ ਬਾਣ ਬਚਨ ਮਨ ਮੋਹ ਲਿਆ ਸਾਧ ਬੈਰਾਗੀ ਦਾ
ਬੰਦਾ ਕਰ ਕੇ ਆਪਣਾ, ਖੰਡਾ ਹੱਥ ਫੜਾਇਆ
'ਸੀਤਲ' ਕਿਹੜੇ ਕਿਹੜੇ ਚੋਜ ਗਿਣਾ ਮੈਂ ਸਤਿਗੁਰ ਦੇ
ਆਪੇ ਜਾਣੇ, ਜਿਸ ਨੇ ਖ਼ਾਲਸਾ ਪੰਥ ਸਜਾਇਆ ।

੨੯-੭-੩੬ ਈ.

ੴ ਸਤਿਗੁਰ ਪ੍ਰਸਾਦਿ

ਭਾਈ ਲੱਧਾ ਉਪਕਾਰੀ

ਤੇ

ਰਬਾਬੀ ਸੱਤਾ ਬਲਵੰਡ

ਭਾਈ ਮਰਦਾਨੇ ਦੇ ਦਿਲ ਵਿਚ ਗੁਰੂ ਨਾਨਕ ਦੇਵ ਜੀ ਦਾ ਜੋ ਅਟੁੱਟ ਪਿਆਰ ਤੇ ਅਗਾਧ ਸ਼ਰਧਾ ਸੀ, ਉਸ ਦਾ ਸਦਕਾ ਬਾਕੀ ਗੁਰੂ ਸਾਹਿਬਾਨ ਵੀ ਰਬਾਬੀ ਪਰਵਾਰ ਦਾ ਬਹੁਤ ਆਦਰ ਕਰਦੇ ਰਹੇ । ਬਹੁਤ ਸਾਰੇ ਰਬਾਬੀ ਵੀ ਗੁਰੂ-ਘਰ ਦੇ ਪੂਰਨ ਸ਼ਰਧਾਲੂ ਰਹੇ । ਸੱਤਾ ਤੇ ਬਲਵੰਡ ਦੋਵੇਂ ਭਾਈ ਮਰਦਾਨੇ ਦੀ ਔਲਾਦ ਵਿਚੋਂ ਸਨ । ਛੋਟਾ ਸੱਤਾ ਬਚਪਨ ਤੋਂ ਹੀ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਕੀਰਤਨ ਕਰਦਾ ਰਿਹਾ । ਵੱਡਾ ਭਰਾ ਬਲਵੰਡ ਦੇਸੋਂ ਬਾਹਰ ਰਾਜਿਆਂ ਮਹਾਰਾਜਿਆਂ ਦੇ ਬੂਹੇ 'ਤੇ ਭਟਕਦਾ ਫਿਰਿਆ । ਉਹਨੇ ਰਾਗ ਵਿਚ ਕਮਾਲ ਹਾਸਲ ਕੀਤਾ । ਫਿਰ ਵੀ ਉਹ ਕਿਸੇ ਰਾਜੇ ਦਾ ਦਰਬਾਰੀ ਗਵਈਆ ਨਾ ਬਣ ਸਕਿਆ ।ਅੰਤ ਉਹ ਗ਼ਰੀਬੀ ਹੱਥੋਂ ਤੰਗ ਆ ਕੇ ਘਰ ਪਰਤ ਆਇਆ ।

ਇਕ ਦਿਨ ਸੱਤੇ ਨੇ ਹੱਥ ਜੋੜ ਬੇਨਤੀ ਕੀਤੀ, "ਗੁਰਦੇਵ ! ਮੇਰਾ ਵੱਡਾ ਭਾਈ ਬਲਵੰਡ ਦੇਸ-ਪ੍ਰਦੇਸ ਫਿਰ ਕੇ ਰਾਗ ਵਿਚ ਉੱਚੀ ਵਿੱਦਿਆ ਹਾਸਲ ਕਰ ਕੇ ਆਇਆ ਹੈ । ਕਿਰਪਾ ਕਰ ਕੇ ਉਹਨੂੰ ਵੀ ਦਾਸ ਜਾਣ ਕੇ ਆਪਣੇ ਚਰਨਾਂ ਵਿਚ ਥਾਂ ਬਖ਼ਸ਼ੋ । ਉਹ ਹੀ ਗੁਰਬਾਣੀ ਦਾ ਕੀਰਤਨ ਕਰ ਕੇ ਜੀਵਨ ਸਫਲਾ ਕਰਨਾ ਚਾਹੁੰਦਾ ਹੈ ।"

ਗੁਰਦੇਵ ਨੇ ਬੜੀ ਮਿੱਠੀ ਬੋਲੀ ਵਿਚ ਉੱਤਰ ਦਿਤਾ, "ਭਾਈ ਸੱਤਾ, ਗੁਰੂ ਨਾਨਕ ਦਾ ਦਰ ਹਰ ਸ਼ਰਧਾਲੂ ਵਾਸਤੇ ਖੁੱਲ੍ਹਾ ਹੈ । ਤੇ ਤੁਸੀਂ ਤਾਂ ਮਹਾਰਾਜ ਦੇ ਪਿਆਰੇ ਸੇਵਕ, ਭਾਈ ਮਰਦਾਨੇ ਦੀ ਔਲਾਦ ਹੋ । ਤੁਹਾਡਾ

ਏਸ ਘਰ ਉਤੇ ਪਿਤਾ-ਪੁਰਖੀ ਹੱਕ ਹੈ । ਬਲਵੰਡ ਨੂੰ ਕਹੋ, ਉਹ ਭਲਕ ਤੋਂ ਤੇਰੇ ਨਾਲ ਮਿਲ ਕੇ ਸੱਚੇ ਪਾਤਸ਼ਾਹ ਦੇ ਦਰ 'ਤੇ ਅਕਾਲੀ ਬਾਣੀ ਦਾ ਕੀਰਤਨ ਕਰਿਆ ਕਰੇ ।"

ਅਗਲੇ ਦਿਨ ਤੋਂ ਹੀ ਬਲਵੰਡ ਗੁਰਦੇਵ ਦੇ ਹਜ਼ੂਰੀ ਰਾਗੀਆਂ ਵਿਚ ਸ਼ਾਮਲ ਹੋ ਗਿਆ । ਰਾਗ ਵਿਚ ਉਹ ਬਹੁਤ ਸਿਆਣਾ ਸੀ । ਦੋਹਾਂ ਭਰਾਵਾਂ ਨੇ ਮਿਲ ਕੇ ਐਸੇ ਸੁਚੱਜੇ ਢੰਗ ਨਾਲ ਆਸਾ ਦੀ ਵਾਰ ਦਾ ਕੀਰਤਨ ਕਰਨਾ, ਕਿ ਸੰਗਤ ਨੇ ਨਿਹਾਲ ਹੋ ਜਾਣਾ । ਇਉਂ ਭਾਸਣਾ, ਜਿਵੇਂ ਸੱਚ ਖੰਡ ਦੇ ਗੰਧਰਵ ਤੇ ਦੇਵਤੇ ਮਿਲ ਬੈਠੇ ਹਨ । ਇਕ ਦਿਨ ਗੁਰੂ ਪੰਜਵੇਂ ਪਾਤਸ਼ਾਹ ਨੇ ਕੀਰਤਨ 'ਤੇ ਪ੍ਰਸੰਨ ਹੋ ਕੇ ਰਬਾਬੀ ਨੂੰ 'ਰਾਏ ਬਲਵੰਡ' ਦਾ ਖ਼ਿਤਾਬ ਦਿਤਾ । ਇਸ ਵੇਲੇ ਗੁਰ-ਦਰਬਾਰ ਦੀ ਸ਼ਾਨ ਸੁਰਗਾਂ ਨੂੰ ਮਾਤ ਪਾਉਂਦੀ ਸੀ ।

ਕਲੀ

ਦਿਲ ਨਹੀਂ ਭਰਦਾ, ਤਕ ਤਕ ਸ਼ਾਨਾਂ ਰੱਜਦੇ ਨੈਣ ਨਾ
ਕੀ ਮੈਂ ਸਿਫ਼ਤ ਕਰਾਂ ਗੁਰ ਪੰਜਵੇਂ ਦੇ ਦਰਬਾਰ ਦੀ
ਆਸੇ ਪਾਸੇ ਸੋਭਣ ਸਿੱਖ ਸੁਰਗਾਂ ਦੇ ਦੇਵਤੇ
ਵਿਚ ਸਿੰਘਾਸਣ ਉਤੇ ਜੋਤ ਸਜੇ ਕਰਤਾਰ ਦੀ
ਬੈਠੇ ਸੱਤਾ ਤੇ ਬਲਵੰਡ ਉਚਾਰਨ ਰਾਗ ਜਾਂ
ਮੋਹੇ ਮਨ ਪਈ ਅੰਮ੍ਰਿਤ ਬਾਣੀ ਆਸਾ ਵਾਰ ਦੀ
ਜੋ ਗੰਧਰਵ ਸੁਣੀਦੇ ਰਾਗੀ ਇੰਦਰ ਲੋਕ ਦੇ
ਉਸਤਤ ਕਰਨ ਪਧਾਰੇ ਧਰਤੀ ' ਤੇ ਸਰਕਾਰ ਦੀ
ਰਚਿਆ ਮਾਤ ਲੋਕ ਵਿਚ ਸੱਚਖੰਡ ਸੱਚੇ ਪਾਤਸ਼ਾਹ
ਮੁਕਤੀ ਹੋਵੇ ਜਿੱਥੇ ਹਰ ਇਕ ਔਗਣਹਾਰ ਦੀ
ਸੜਦੇ ਮਨ ਨੂੰ ਸ਼ਾਂਤੀ ਮਿਲਦੀ ਸੰਗਤ ਵਿਚ ਆ
ਦਿਲ ਦੀ ਮਿਟੇ ਭਟਕਣਾ ਏਥੇ ਹਰ ਨਰ ਨਾਰ ਦੀ
ਕੋਹੜੇ ਰਾਜ਼ੀ ਹੁੰਦੇ, ਪਾਪੀ ਬਣਦੇ ਦੇਵਤੇ
ਪਾ ਕੇ ਚਰਨਾਂ ਦੀ ਛੁਹ ਸਾਹਿਬ ਬਖਸ਼ਣ ਹਾਰ ਦੀ
ਪਿਛਲੇ ਜਨਮਾਂ ਦੇ ਪੁੰਨ ਕੀਤੇ ਮਿਲਦੇ ਜਾਪਦੇ
'ਸੀਤਲ' ਸਿਫ਼ਤ ਕਰੇਂ ਜੋ ਨਿੱਤ ਤੂੰ ਗੁਰ ਦਾਤਾਰ ਦੀ

ਅੰਮ੍ਰਿਤ ਵੇਲੇ ਜੋੜੀ 'ਤੇ ਪਹਿਲਾ ਧੱਫਾ ਵਜਦਿਆਂ ਹੀ ਸੰਗਤਾਂ ਹੁੰਮ ਹੁਮੱਾ ਕੇ ਆਉਣੀਆਂ ਸ਼ੁਰੂ ਹੋ ਜਾਣੀਆਂ । ਇਕ ਦੋ ਪਉੜੀਆਂ ਪੜ੍ਹਦਿਆਂ ਤਕ ਦੀਵਾਨ ਭਰ ਜਾਣਾ ।ਰਾਗੀਆਂ ਨੇ ਦਿਲ ਲਾ ਕੇ ਭਰਵੀਆਂ ਸੁਰਾਂ ਵਿਚ ਕੀਰਤਨ ਕਰਨਾ । ਸਰੋਤਿਆਂ ਨੇ ਮਸਤੀ ਵਿਚ ਝੂਮ ਝੂਮ ਕੇ ਰਬਾਬੀਆਂ ਦੇ ਗੁਣ ਦੀ ਸੋਭਾ ਵਧਾਉਣੀ । ਸ਼ਰਧਾਲੂਆਂ ਨੇ ਦਿਲ ਖੋਲ੍ਹ ਕੇ ਮਾਇਆ ਅਰਦਾਸ ਕਰਾਉਣੀ । ਸੋਢੀ ਸੁਲਤਾਨ, ਗੁਰੂ ਅਰਜਨ ਦੇਵ ਜੀ ਨੇ ਵੀ ਰੱਜਵੀਂ ਪਰਸੰਸਾ ਕਰਨੀ । ਏਸ ਵਡਿਆਈ ਨੂੰ ਛੋਟੇ ਦਿਲ ਵਾਲੇ ਰਬਾਬੀ ਪੱਚਾ ਨਾ ਸੱਕੇ । ਉਹ ਕੁਛ ਹੰਕਾਰੀ ਹੋ ਗਏ । ਉਹ ਸਮਝਣ ਲੱਗ ਪਏ, ਕਿ ਇਹ ਸਭ ਰੌਣਕਾਂ ਤੇ ਸ਼ਾਨਾਂ ਉਹਨਾਂ ਦੇ ਆਪਣੇ ਹੁਨਰ ਦਾ ਸਦਕਾ ਹੀ ਹਨ ।

ਇਕ ਦਿਨ ਘਰ ਬੈਠਿਆਂ ਦੋਹਾਂ ਭਰਾਵਾਂ ਵਿਚਾਰ ਕੀਤੀ, "ਇਸ ਵੇਲੇ ਗੁਰੂ ਘਰ ਵਿਚ ਜੋ ਸਾਡਾ ਮਾਣ ਹੈ, ਉਹ ਅੱਗੇ ਕਿਸੇ ਦਾ ਨਹੀਂ ਹੋਇਆ । ਸਾਡੇ ਹੱਕ ਵਿਚ ਵੀ ਏਹਾ ਸਮਾਂ ਹੈ, ਕਿ ਅਸੀਂ ਗੁਰੂ ਤੋਂ ਵੱਧ ਤੋਂ ਵੱਧ ਮਾਇਆ ਹਾਸਲ ਕਰ ਸਕਦੇ ਹਾਂ । ਫਿਰ ਅਸੀਂ ਸਮੇਂ ਤੋਂ ਲਾਭ ਕਿਉਂ ਨਾ ਉਠਾਈਏ ? ਭੈਣ ਜਵਾਨ ਹੋ ਗਈ ਹੈ । ਇਸ ਦੇ ਵਿਆਹ ਵਾਸਤੇ ਗੁਰੂ ਜੀ ਤੋਂ ਮਾਇਆ ਮੰਗਣੀ ਚਾਹੀਦੀ ਹੈ ।"

ਸੋ, ਅਗਲੇ ਦਿਨ ਕੀਰਤਨ ਤੋਂ ਪਿੱਛੋਂ ਰਬਾਬੀਆਂ ਨੇ ਗੁਰੂ ਮਹਾਰਾਜ ਅੱਗੇ ਬੇਨਤੀ ਕੀਤੀ ।

ਸਾਕਾ

ਸੱਤੇ ਤੇ ਬਲਵੰਡ ਨੇ ਇਉਂ ਅਰਜ਼ ਗੁਜ਼ਾਰੀ
ਸੇਵਕ ਢੱਠੇ ਆਣ ਕੇ ਪ੍ਰਭ ਸ਼ਰਨ ਤੁਹਾਰੀ
ਆਪ ਹੋ ਦਾਤੇ ਜਗਤ ਦੇ ਕੁਬੇਰ ਭੰਡਾਰੀ
ਹੋਈ ਵਿਆਹੁਣ ਯੋਗ ਹੈ ਹੁਣ ਭੈਣ ਹਮਾਰੀ
ਬਖ਼ਸ਼ੋ ਮਾਇਆ ਸਤਿਗੁਰੂ ਲਹੇ ਚਿੰਤਾ ਸਾਰੀ
ਜੱਸ ਹੋਵੇਗਾ ਆਪ ਦਾ ਗੁਰ ਪਰਉਪਕਾਰੀ

ਰਬਾਬੀ ਬੇਨਤੀ ਕਰਦੇ ਗਏ, "ਮਹਾਰਾਜ ! ਆਪ ਜਾਣੀ-ਜਾਣ ਹੋ ।

ਸੇਵਕਾਂ ਦੀਆਂ ਦੁੱਖ ਤਕਲੀਫ਼ਾਂ ਆਪ ਸਮਝਦੇ ਹੋ । ਜਿਸ ਘਰ ਵਿਆਹੁਣ ਯੋਗ ਕੰਨਿਆਂ ਹੋਵੇ, ਘਰ ਦਿਆਂ ਨੂੰ ਨੀਂਦ ਨਹੀਂ ਆਉਂਦੀ ।ਅਸੀਂ ਵੀ ਹਰ ਵੇਲੇ ਏਸੇ ਚਿੰਤਾ ਵਿਚ ਰਹਿੰਦੇ ਹਾਂ ।ਜਵਾਨ ਭੈਣ ਬੂਹੇ ਬੈਠੀ ਹੈ । ਕਿਰਪਾ ਕਰ ਕੇ ਮਾਇਆ ਦੇ ਗੱਫੇ ਬਖ਼ਸ਼ੋ, ਤਾਂ ਜੋ ਅਸੀਂ ਭੈਣ ਦਾ ਵਿਆਹ ਕਰ ਕੇ ਦੁਨੀਆਂ ਵੱਲੋਂ ਸੁਰਖ਼ਰੂ ਹੋਈਏ ।ਗੁਰਦੇਵ, ਆਪ ਦੀਨ-ਦੁਨੀ ਦੇ ਵਾਲੀ, ਤੇ ਅਸੀਂ ਏਸ ਵੱਡੇ ਘਰ ਦੇ ਕੀਰਤਨੀਏ ।ਸੋ ਕਾਰਜ ਵੀ ਇਸ ਘਰ ਦੀ ਸ਼ਾਨ ਤੇ ਵਡਿਆਈ ਕਾਇਮ ਰੱਖਣ ਵਾਲਾ ਹੀ ਕਰਨਾ ਪਵੇਗਾ ।ਇਸ ਲਈ ਗੱਫੇ ਜ਼ਰਾ ਖੁੱਲ੍ਹੇ ਹੀ ਬਖ਼ਸ਼ਣੇ, ਜਿਸ ਨਾਲ ਕਿਸੇ ਕੰਮ ਵਿਚ ਤੋਟ ਨਾ ਆਵੇ ।”

ਰਬਾਬੀਆਂ ਦੀ ਬਨਤੀ ਸੁਣ ਕੇ, ਹਜ਼ੂਰ ਨੇ ਫ਼ੁਰਮਾਇਆ ।

ਜੰਗਲਾ

ਸੁਣ ਕੇ ਅਰਜ਼ ਸਤਿਗੁਰੂ ਸੱਚੇ,
ਧੀਰਜ ਇਉਂ ਧਰਾਇਆ
ਆਪੇ ਤੋੜ ਨਿਭਾਵੇਗਾ ਉਹ,
ਜਿਸ ਇਹ ਕਾਜ ਰਚਾਇਆ
ਸਾਰਾ ਦਿਨ ਸੰਗਤ 'ਚੋਂ ਭਲਕੇ,
ਜਿਤਨੀ ਆਵੇ ਮਾਇਆ
ਲੈ ਜਾਣੀ ਕਾਰਜ ਹਿੱਤ ਸਾਰੀ,
ਮੁੱਖੋਂ ਇਹ ਫ਼ੁਰਮਾਇਆ

ਹਜ਼ੂਰ ਨੇ ਬੜੇ ਪਿਆਰ ਨਾਲ ਕਿਹਾ, “ਰਾਏ ਬਲਵੰਡ, ਗੁਰੂ ਨਾਨਕ ਦੇਵ ਜੀ 'ਤੇ ਭਰੋਸਾ ਰੱਖੋ ।ਸੇਵਕਾਂ ਦੇ ਸਭ ਕਾਰਜ ਮਹਾਰਾਜ ਆਪ ਕਰਦਾ ਏ ।ਤੁਸੀਂ ਕਿਸੇ ਗੱਲ ਦੀ ਚਿੰਤਾ ਨਾ ਕਰੋ, ਮਾਇਆ ਵੱਲੋਂ ਕੋਈ ਘਾਟਾ ਨਹੀਂ ਰਹੇਗਾ ।ਭਲਕੇ ਸੰਗਤ ਵਿਚੋਂ ਜਿੰਨੀ ਭੇਟਾ ਆਵੇ, ਸਾਰੀ ਤੁਸਾਂ ਲੈ ਜਾਣੀ । ਅਕਾਲ ਪੁਰਖ ਭਲੀ ਕਰੇਗਾ ।”

ਅਗਲੇ ਦਿਨ ਅੰਮ੍ਰਿਤ ਵੇਲੇ ਰਬਾਬੀ ਬੜੇ ਚਾ ਨਾਲ ਆਏ ।ਗੁਰਦੇਵ ਦੇ ਚਰਨਾਂ 'ਚ ਨਸਮਕਾਰ ਕਰ ਕੇ ਉਹਨਾਂ ਕੀਰਤਨ ਕਰਨਾ ਸ਼ੁਰੂ ਕੀਤਾ ।

ਬੈਂਤ

ਅਗਲੇ ਰੋਜ ਸਵੇਰੇ ਹੀ ਆਣ ਦੋਹਾਂ
ਚਰਨੀ ਗੁਰਾਂ ਦੇ ਸੀਸ ਨਿਵਾਇਆ ਜੀ
ਕਰ ਕੇ ਸਾਜ਼ ਸੁਰ, ਕੀਰਤਨ ਕਰਨ ਲੱਗੇ
ਸਾਰਾ ਟਿੱਲ ਰਬਾਬੀਆਂ ਲਾਇਆ ਜੀ
'ਆਸਾ' ਨਾਲ ਮਿਲਾਇਕੇ ਰਾਗ 'ਭੈਰੋਂ'
ਖੂਬ ਉੱਚੀਆਂ ਸੁਰਾਂ 'ਤੇ ਗਾਇਆ ਜੀ
ਖਿਰਨਾ ਮਾਰੀਆਂ, ਲਾਇਕੇ ਤਾਨ ਪਲਟਾ
ਦੋਹਾਂ ਆਪਣਾ ਜੌਹਰ ਵਿਖਾਇਆ ਜੀ
ਆਇਆ ਬੜਾ ਸਵਾਦ ਸਰੋਤਿਆਂ ਨੂੰ
ਜਾਦੂ ਰਾਗ ਦਾ ਸਭਨਾ 'ਤੇ ਪਾਇਆ ਜੀ
'ਵਾਹ-ਵਾਹ, ਧੰਨ ਕਮਾਈ, ਬਲਿਹਾਰ ਜਾਈਏ'
ਖੁਸ਼ ਹੋਇ ਸਤਿਗੁਰਾਂ ਫ਼ੁਰਮਾਇਆ ਜੀ
ਸ਼ਬਦ-ਭੇਟਾ, ਨਜ਼ਰਾਨੇ ਤੇ ਸੁੱਖਣਾ ਦੀ
ਜਿੰਨੀ ਆਈ ਦੀਵਾਨ 'ਚੋਂ ਮਾਇਆ ਜੀ
ਕਰ ਕੇ ਧਨ ਕੱਠਾ ਸਾਰਾ ਸਤਿਗੁਰਾਂ ਨੇ
ਅੱਗੇ ਰਾਏ ਬਲਵੰਡ ਟਿਕਾਇਆ ਜੀ

ਉਸ ਦਿਨ ਰ਼ਬਾਬੀਆਂ ਨੇ ਸਾਰਾ ਟਿੱਲ ਲਾ ਕੇ ਕੀਰਤਨ ਕੀਤਾ। ਚੰਗੀ ਉੱਚੀ ਸੁਰ ਰਖ ਕੇ, ਖਿਰਨਾ ਤੇ ਪਲਟੇ ਮਾਰ ਮਾਰ ਉਹਨਾਂ ਜੌਹਰ ਵਿਖਾਏ।ਗੁਰਬਾਣੀ ਦੇ ਪ੍ਰਮਾਣ ਦੇ ਉਹਨਾਂ ਗੁਰ-ਸੇਵਾ, ਦਾਨ ਤੇ ਭਗਤੀ ਆਦਿ ਦੀ ਬੜੀ ਢੁੱਕਵੀਂ ਵਿਆਖਿਆ ਕੀਤੀ । ਸ਼ਬਦ-ਭੇਟ ਦੇਣ ਵਾਲਿਆਂ ਸ਼ਰਧਾਲੂਆਂ ਦੇ ਉਹਨਾਂ ਅਰਦਾਸੇ ਵੀ ਚੰਗੇ ਵਡਿਆੱ ਕੇ ਕੀਤੇ। ਸਿਆਣੇ ਸਰੋਤਿਆਂ ਨੂੰ ਕੀਰਤਨ ਦਾ ਏਨਾ ਸਵਾਦ ਆਇਆ, ਜਿਸ ਦਾ ਕੋਈ ਹੱਦ ਹਿਸਾਬ ਨਹੀਂ ।ਗੁਰਬਾਣੀ ਦੀ ਅੰਮ੍ਰਿਤ-ਵਰਖਾ ਨੇ ਸੁਰਗਾਂ ਦੇ ਅਨੰਦ ਨੂੰ ਮਾਤ ਪਾ ਦਿੱਤਾ।ਸੰਗਤਾਂ ਮਸਤੀ ਵਿਚ ਝੂਮਣ ਲੱਗ ਪਈਆਂ। ਗੁਰੂ ਮਹਾਰਾਜ ਵੀ ਪਰਸੰਨ ਹੋ ਕੇ ਵਾਹ ਵਾਹ ਕਹਿਣ ਲੱਗੇ ।ਏਨਾ ਕੁਛ ਹੁੰਦਿਆਂ ਵੀ ਰਬਾਬੀਆਂ ਦੇ ਮਨ ਮਰਜ਼ੀ ਦੀ ਮਾਇਆ ਨਾ ਆਈ ।

ਸੰਗਤ ਵਿਚੋਂ ਕਈ ਢੰਗਾਂ ਨਾਲ ਮਾਇਆ ਆਇਆ ਕਰਦੀ ਸੀ । ਕੀਰਤਨ ਕਰਦਿਆਂ ਰਾਗੀਆਂ ਨੂੰ ਸ਼ਰਧਾਵਾਨ ਸਿੱਖ ਮਾਇਆ ਅਰਦਾਸ ਕਰਾਉਂਦੇ ਸਨ । ਇਹ ਸ਼ਬਦ-ਭੇਟ ਕਹੀ ਜਾਂਦੀ ਸੀ, ਤੇ ਇਸ ਉਤੇ ਰਾਗੀਆਂ ਦਾ ਹੱਕ ਹੁੰਦਾ ਸੀ । ਦਰਸ਼ਨ ਕਰਨ ਆਏ ਸਿੱਖ ਗੁਰੂ ਮਹਾਰਾਜ ਅੱਗੇ ਮੱਥਾ ਟੇਕਦੇ ਸਨ । ਉਸ ਨੂੰ ਨਜ਼ਰਾਨਾ ਜਾਂ ਦਰਸ਼ਨ-ਭੇਟ ਕਿਹਾ ਜਾਂਦਾ ਸੀ । ਘਰਾਂ ਵਿਚ ਬੈਠੇ, ਜਾਂ ਗੁਰੂ ਜੀ ਦੀ ਹਜ਼ੂਰੀ ਵਿਚ ਆ ਕੇ ਸਿੱਖ ਕਿਸੇ ਕਾਰਜ ਸਿੱਧੀ ਵਾਸਤੇ ਪ੍ਰਾਰਥਨਾ ਕਰ ਕੇ ਸੁੱਖਣਾ ਸੁੱਖਦੇ । ਕਾਰਜ ਪੂਰਾ ਹੋਣ ਉਤੇ ਉਹ ਸੇਵਕ ਹਜ਼ੂਰੀ ਵਿਚ ਆ ਕੇ ਸੁੱਖੀ ਹੋਈ ਵਸਤੂ ਜਾਂ ਮਾਇਆ ਚੜ੍ਹਾਉਂਦੇ । ਉਹ ਸੁਖਣਾ-ਭੇਟ ਅਖਵਾਉਂਦੀ ਸੀ । ਆਪੋ ਆਪਣੇ ਇਲਾਕਿਆਂ ਵਿਚੋਂ ਮਸੰਦ ਉਗਰਾਹੀ ਕਰ ਕੇ ਲਿਆਉਂਦੇ । ਇਹ ਮਾਇਆ ਦਸਵੰਧ ਜਾਂ ਉਗਰਾਹੀ-ਭੇਟ ਅਖਵਾਉਂਦੀ ਸੀ । ਸਭ ਤੋਂ ਵਧੇਰੇ ਮਾਇਆ ਏਸੇ ਖਾਤੇ ਆਇਆ ਕਰਦੀ ਸੀ ।

ਉਸ ਦਿਨ ਮਸੰਦਾਂ ਵੱਲੋਂ ਵਧੇਰੇ ਉਗਰਾਹੀ ਨਾ ਆਈ । ਸਾਰਿਆਂ ਢੰਗਾਂ ਨਾਲ ਜੋ ਚੜ੍ਹਤ ਉਸ ਦਿਨ ਚੜ੍ਹੀ, ਉਹ ਮਸਾਂ ਇਕ ਸੌ ਰੁਪੈ ਸੀ । ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ (ਰਾਸ ਤਿੱਜੀ, ਅੱਸ ੪੩) ਵਿਚ ਲਿਖਦੇ ਹਨ,

"ਸਭ ਦਿਨ ਕੀ ਪੂਜਾ ਗਿਨ ਜਬੈ ।
ਭਯੋ ਰਜਤਪਣ ਇਕ ਸੌ ਤਬੇ ।"

ਸ਼ਾਂਤੀ ਦੇ ਪੁੰਜ ਗੁਰਦੇਵ ਜੀ ਨੇ ਸਾਰੀ ਮਾਇਆ ਕੱਠੀ ਕਰ ਕੇ ਰਬਾਬੀਆਂ ਅੱਗੇ ਧਰ ਦਿੱਤੀ ।

ਕਬਿੱਤ

ਇਕ ਸੌ ਰੁਪਇਆ ਗਿਣ ਡਿੱਠਾ ਜਾਂ ਰਬਾਬੀਆਂ ਨੇ
ਲੱਗੀ ਦਿਲ ਅੱਗ ਗੁੱਸਾ ਦੋਹਾਂ ਤਾਈਂ ਆਇਆ ਜੀ
ਰਾਏ ਬਲਵੰਡ ਆਇਆ ਬਹੁਤ ਹੀ ਕਰੋਧ ਵਿਚ
ਘੋਲੇ ਪਿਆ ਵਿੱਸ, ਵੱਟ ਮੱਥੇ ਉਤੇ ਪਾਇਆ ਜੀ
ਚੁੱਕ ਕੇ ਰੁਪਈਏ ਸੁੱਟੇ ਗੁਰੂ ਜੀ ਦੇ ਚਰਨਾਂ 'ਚ
ਮਾਰੀ ਗਈ ਮੱਤ, ਕੌੜਾ ਬੋਲ ਇਉਂ ਸੁਣਾਇਆ ਜੀ
"ਰੱਜ ਗਏ ਆਂ ਬੱਸ ਹੁਣ ਹੋਰ ਨਹੀਂ ਨਿਭਾਉ ਹੁੰਦਾ
ਕਰ ਕੇ ਤੁਹਾਡੀ ਸੇਵਾ ਬੜਾ ਫਲ ਪਾਇਆ ਜੀ"

ਸ਼ਬਦ-ਭੇਟ, ਦਰਸ਼ਨ-ਭੇਟ, ਸੁੱਖਣਾ-ਭੇਟ ਤੇ ਦਸਵੰਧ ਦੀ ਜੋ ਮਾਇਆ ਆਈ, ਗੁਰੂ ਅਰਜਨ ਦੇਵ ਜੀ ਨੇ ਕੱਠੀ ਕਰ ਕੇ ਰਾਏ ਬਲਵੰਡ ਅੱਗੇ ਧਰਦਿਆਂ ਬੜੇ ਪਿਆਰ ਨਾਲ ਕਿਹਾ, "ਆਹ ਲਵੋ, ਕਾਰਜ ਆਰੰਭ ਕਰੋ । ਲੋੜ ਪਈ 'ਤੇ ਅਕਾਲ ਪੁਰਖ ਹੋਰ ਮਿਹਰ ਕਰੇਗਾ ।"

ਰਬਾਬੀਆਂ ਦੀਆਂ ਨਜ਼ਰਾਂ ਮਾਇਆ ਉਤੇ ਹੀ ਲੱਗੀਆਂ ਹੋਈਆਂ ਸਨ । ਮਰਦੇ ਜੇਹੇ ਜੀ ਨਾਲ ਬਲਵੰਡ ਨੇ ਰੁਪੈ ਗਿਣੇ, ਜੋ ਮਸ੍ਹਾਂ ਇਕ ਸੌ ਨਿਕਲੇ । ਉਹਨੇ ਬਲਦੀਆਂ ਅੱਖਾਂ ਨਾਲ ਸੱਤੇ ਵੱਲ ਵੇਖਿਆ । ਅੱਗੋਂ ਉਹਦੀਆਂ ਅੱਖਾਂ ਵਿਚ ਵੀ ਨਾਰਾਜ਼ਗੀ ਭਰੀ ਹੋਈ ਦਿੱਸੀ । ਦੋਹਾਂ ਨੇ, ਨਜ਼ਰਾਂ ਹੀ ਨਜ਼ਰਾਂ ਵਿਚ ਕੋਈ ਫ਼ੈਸਲਾ ਕਰ ਲਿਆ । ਬਲਵੰਡ ਦਾ ਕ੍ਰੋਧ ਸਭ ਹੱਦ ਬੰਨੇ ਲੰਘ ਗਿਆ । ਉਹਨੇ ਬੜੀ ਅਵੱਗਿਆ ਨਾਲ ਰੁਪੈ ਚੁੱਕ ਕੇ ਗੁਰੂ ਮਹਾਰਾਜ ਦੇ ਚਰਨਾਂ ਵਿਚ ਸੁੱਟ ਦਿਤੇ ਤੇ ਗੁੱਸੇ ਨਾਲ ਕੰਬਦਿਆਂ ਕਿਹਾ, "ਬੱਸ, ਮਹਾਰਾਜ, ਜਿੰਨੇ ਨ੍ਹਾਤੇ, ਓਨਾ ਹੀ ਪੁੰਨ ਬੜਾ ਹੈ । ਕਈ ਪੀੜ੍ਹੀਆਂ ਕੀਤੀ ਸੇਵਾ ਦਾ ਫਲ ਸਾਨੂੰ ਮਿਲ ਗਿਆ ਹੈ । ਸਾਰੀ ਜ਼ਿੰਦਗੀ ਵਿਚ ਇਕ ਹੀ ਕੰਮ ਪਿਆ ਸੀ । ਉਹ ਤੁਸਾਂ ਚੰਗਾ ਸਾਰ ਦਿੱਤਾ । ਇਹ ਮਾਇਆ ਵੀ ਸੰਭਾਲੋ, ਆਪ ਜੀ ਦੇ ਕੰਮ ਆਵੇਗੀ ।"

ਗੁਰਦੇਵ ਨੇ ਫਿਰ ਵੀ ਬੜੀ ਨਮਰਤਾ ਨਾਲ ਕਿਹਾ, "ਨਾ, ਭਾਈ ਰਾਏ ਬਲਵੰਡ, ਗੁੱਸੇ ਨਹੀਂ ਹੋਣਾ । ਆਪ ਗੁਰੂ ਨਾਨਕ ਦੇਵ ਦੇ ਘਰ ਦੇ ਕੀਰਤਨੀਏਂ ਹੋ । ਮਾਇਆ ਤੋਂ ਨਾਰਾਜ਼ ਨਾ ਹੋਵੋ । ਇਹ ਤਾਂ ਗੁਰ-ਸਿੱਖਾਂ ਦੀ ਦਾਸੀ ਹੈ । ਅਕਾਲ ਪੁਰਖ ਦੀ ਮਿਹਰ ਨਾਲ ਹੋਰ ਬਥੇਰੀ ਆ ਜਾਏਗੀ । ਤੁਸੀਂ ਇਸ ਥੋੜੀ ਜੇਹੀ ਰਕਮ ਨਾਲ ਕਾਰਜ ਆਰੰਭ ਕਰੋ ।"

ਰਬਾਬੀਆਂ ਦੇ ਨਾਂਹ ਨੁਕਰ ਕਰਦਿਆਂ ਗੁਰੂ ਮਹਾਰਾਜ ਨੇ ਰੁਪੈ ਉਹਨਾਂ ਦੇ ਪੱਲੇ ਬੰਨ੍ਹ ਦਿਤੇ । ਰਬਾਬੀ ਬੁੜ ਬੁੜ ਕਰਦੇ ਉਠ ਕੇ ਘਰ ਨੂੰ ਤੁਰ ਪਏ । ਏਥੋਂ ਤਕ, ਕਿ ਤੁਰਨ ਲੱਗਿਆਂ ਉਹਨਾਂ ਗੁਰਦੇਵ ਨੂੰ ਮੱਥਾ ਵੀ ਨਾ ਟੇਕਿਆ । ਉਹ ਰੁਪੈ ਤਾਂ ਲੈ ਗਏ, ਪਰ ਗੁੱਸੇ ਵਿਚ ਲੋਕਾਂ ਸਾਮ੍ਹਣੇ ਕਹਿੰਦੇ ਗਏ, ਕਿ ਅਸੀਂ ਹੁਣ ਜਿਉਂਦੇ ਏਸ ਬੂਹੇ 'ਤੇ ਨਹੀਂ ਆਵਾਂਗੇ ।

ਸਿੱਖ ਸਮਝਦੇ ਸਨ, ਇਹ ਸੱਜਰੇ ਗੁੱਸੇ ਦੀਆਂ ਗੱਲਾਂ ਹਨ । ਨਹੀਂ ਤਾਂ ਇਹ ਗੁਰਬਾਣੀ ਦੇ ਰਸੀਏ, ਗੁਰੂ ਘਰ ਨੂੰ ਕਿਵੇਂ ਛੱਡ ਸਕਦੇ ਸਨ ? ਜਦ

ਭਲਕੇ ਕੀਰਤਨ ਦਾ ਸਮਾਂ ਆਵੇਗਾ, ਤਾਂ ਸੱਚੇ ਪ੍ਰੇਮ ਦੇ ਖਿੱਚੇ ਆਪਣੇ ਆਪ ਆ ਪਹੁੰਚਣਗੇ । ਪਰ ਸਭ ਦਾ ਕਿਆਸ ਗ਼ਲਤ ਨਿਕਲਿਆ । ਅਗਲੇ ਦਿਨ ਰਬਾਬੀ ਕੀਰਤਨ ਕਰਨ ਨਾ ਆਏ ।

ਅੰਮ੍ਰਿਤ ਵੇਲੇ ਸੰਗਤਾਂ ਆਉਣੀਆਂ ਸ਼ੁਰੂ ਹੋ ਗਈਆਂ । ਕੀਰਤਨ ਆਰੰਭ ਹੋਣ ਦੇ ਸਮੇਂ ਤਕ ਦੀਵਾਨ ਭਰ ਗਿਆ । ਕੱਲ੍ਹ ਦੇ ਕੀਰਤਨ ਦੀਆਂ ਮਿੱਠੀਆਂ ਤਾਨਾਂ ਅਜੇ ਤਕ ਸਰੋਤਿਆਂ ਦੇ ਕੰਨਾਂ ਵਿਚ ਗੂੰਜ ਰਹੀਆਂ ਸਨ । ਰਬਾਬੀਆਂ ਦੇ ਆਉਣ ਦਾ ਸਮਾਂ ਹੋ ਗਿਆ । ਸੰਗਤਾਂ ਅੱਖਾਂ ਚੁੱਕ ਚੁੱਕ ਰਾਹ ਵੇਖਣ ਲੱਗੀਆਂ । ਜਿਉਂ ਜਿਉਂ ਦੇਰ ਹੁੰਦੀ ਜਾਂਦੀ, ਕੀਰਤਨ-ਰਸੀਆਂ ਦੇ ਦਿਲ ਕਾਹਲੇ ਪੈਣ ਲੱਗੇ । ਸੰਗਤਾਂ ਨੂੰ ਇਕ ਇਕ ਮਿੰਟ ਪਹਿਰਾਂ ਵਾਂਗ ਬੀਤ ਰਿਹਾ ਸੀ । ਚੋਖਾ ਚਿਰ ਹੋ ਗਿਆ, ਪਰ ਰਬਾਬੀ ਨਾ ਆਏ ।

ਘੜੀ-ਦੋ ਘੜੀਆਂ ਉਡੀਕ ਕੇ ਗੁਰੂ ਮਹਾਰਾਜ ਬੜੇ ਧੀਰਜ ਨਾਲ ਬੋਲੇ, " ਰਬਾਬੀ ਮਾਣ ਕਰ ਬੈਠੇ ਹਨ । ਉਹਨਾਂ ਦਾ ਮਾਣ ਰੱਖਣਾ ਪਵੇਗਾ । ਏਸ ਘਰ ਉੱਤੇ ਸਿੱਖਾਂ ਦਾ ਹੱਕ ਜੁ ਹੋਇਆ । ਜੇ ਸਿੱਖ ਮਾਣ ਕਰ ਬਹੇ, ਤਾਂ ਸਾਡੇ ਵਾਸਤੇ ਉਹਦਾ ਹੰਮਾ ਰੱਖਣਾ ਲਾਜ਼ਮੀ ਹੈ । ਜਾਉ ਦੋ ਚਾਰ ਸੱਜਣ ਰਾਏ ਬਲਵੰਡ ਕੇ ਘਰ ਜਾਓ । ਸਾਡੇ ਵੱਲੋਂ ਬੇਨਤੀ ਕਰ ਕੇ ਮੁਹੱਬਤ ਨਾਲ ਸਮਝਾ ਕੇ ਦੋਹਾਂ ਨੂੰ ਲੈ ਆਉ । ਉਹ ਗੁਰਬਾਣੀ ਦੇ ਕੀਰਤਨੀਏ ਹਨ । ਸਾਡੇ ਦਿਲ ਵਿਚ ਕੀਰਤਨੀਆਂ ਦਾ ਬਹੁਤ ਸਤਕਾਰ ਹੈ ।"

ਇਉਂ ਸਮਝਾ ਕੇ ਗੁਰੂ ਮਹਾਰਾਜ ਨੇ ਸਿੱਖਾਂ ਨੂੰ ਤੋਰਿਆ ।

ਮਿਰਜ਼ਾ

ਦਿਨ ਅਗਲੇ ਰਬਾਬੀ ਜਦ ਆਏ ਨਾ
ਕੀਤੀ ਸਤਿਗੁਰਾਂ ਦਿਲ 'ਚ ਵਿਚਾਰ
ਭੇਜੇ ਸਿੱਖ ਕੁਛ ਉਹਨਾਂ ਦੇ ਬੁਲਾਉਣ ਨੂੰ
ਕਿਹਾ, ਆਖਿਓ ਜੇ ਨਾਲ ਸਤਿਕਾਰ
ਤੁਸੀਂ ਜੱਸ ਗਾਉਣ ਵਾਲੇ ਹੋ ਅਕਾਲ ਦਾ
ਸਾਡਾ ਤੁਸਾਂ ਨਾਲ ਬਹੁਤ ਹੈ ਪਿਆਰ
ਬਾਝ ਤੁਸਾਂ ਦੇ ਦੀਵਾਨ ਨਹੀਂ ਸੋਭਦੇ

ਰਾਗੀ ਹੁੰਦੇ ਗੁਰੂ ਘਰ ਦਾ ਸ਼ਿੰਗਾਰ
ਰੱਬੀ ਕੀਰਤਨ ਦਾਤ ਕਰਤਾਰ ਦੀ
ਬਖ਼ਸ਼ੀ ਤੁਸਾਂ ਨੂੰ ਬੜੀ ਨਿਰੰਕਾਰ
ਗੱਲ ਮਾਇਆ ਦੀ ਕੀ, ਹੋਰ ਮਿਲ ਜਾਇਗੀ
ਗੱਫੇ ਦੇਵੇਗਾ ਬੜੇ ਦਾਤਾਰ
ਪਰ ਗੁਰੂ ਘਰ ਨਾਲੋਂ ਸਾਂਝ ਤੋੜ ਕੇ
ਕਾਹਨੂੰ ਬੈਠ ਗਏ ਗੁੱਸਾ ਮਨ ਧਾਰ
ਹੋਵੇ ਜਿਵੇਂ ਵੀ ਮਨੱਾ ਕੇ ਲੈ ਆਵਣਾ
ਤੇਰੇ ਸਿੱਖ ਸਮਝੱਾ ਕੇ ਸਰਕਾਰ

ਆਪਸ ਵਿਚ ਵਿਚਾਰਾਂ ਕਰਦੇ ਸਿੱਖ ਤੁਰੇ ਜਾ ਰਹੇ ਸਨ । ਉਹਨਾਂ ਦੀ ਵਿਚਾਰ ਦਾ ਪਰਧਾਨ-ਵਿਸ਼ਾ ਦੋ ਵੱਖ ਵੱਖ ਸੁਭਾਉ ਸਨ । ਇਕ ਪਾਸੇ ਰਬਾਬੀਆਂ ਦਾ ਨਾਜਾਇਜ਼ ਹੰਕਾਰ ਤੇ ਇਕ ਪਾਸੇ ਸ਼ਾਂਤੀ ਦੇ ਪੁੰਜ ਗੁਰੂ ਅਰਜਨ ਦੇਵ ਜੀ ਦੀ ਅਥਾਹ ਨਿਮਰਤਾ । ਸਿੱਖ ਕਹਿੰਦੇ, 'ਕਿਹੜੀ ਗੱਲ ਸੀ, ਜਿਸ ਤੋਂ ਰਬਾਬੀ ਰੁੱਸ ਬੈਠੇ ਨੇ ? ਮਾਇਆ ਥੋੜੀ ਆਈ ਸੀ ਨਾ! ਗੁਰਦੇਵ ਨੇ ਕਹਿ ਦਿਤਾ ਸੀ, ਕਿ ਹੋਰ ਮਿਲ ਜਾਇਗੀ । ਏਸ ਘਰ ਭਲਾ ਕਦੇ ਕੋਈ ਥੁੜਿਆ ਰਿਹਾ ਏ ? ਪ੍ਰੇਮ ਨਾਲ ਸੇਵਾ ਕਰੀ ਜਾਂਦੇ, ਜੋ ਮੂੰਹੋਂ ਮੰਗਦੇ, ਮਿਲ ਜਾਂਦਾ । ਨਾਲੇ ਸਾਰੀ ਉਮਰ ਏਸ ਘਰੋਂ ਪਲਦੇ ਆਏ ਨੇ, ਜੇ ਇਕ ਦਿਨ ਉਹਨਾਂ ਦੀ ਇਛਿਆ ਨਾਲੋਂ ਕੁਛ ਘੱਟ ਵੀ ਮਿਲ ਗਿਆ, ਤਾਂ ਫੇਰ ਕੀ ਹੋ ਗਿਆ । ਉਹਨਾਂ ਨੂੰ ਇਉਂ ਨਹੀਂ ਸੀ ਕਰਨਾ ਚਾਹੀਦਾ ।'

ਏਸ ਤਰ੍ਹਾਂ ਗੱਲਾਂ ਬਾਤਾਂ ਕਰਦੇ ਸਿੱਖ ਰਬਾਬੀਆਂ ਦੇ ਘਰ ਜਾ ਪਹੁੰਚੇ। ਭਾਈ ਸਾਲੋ ਦੀ ਧਰਮਸਾਲਾ ਕੋਲ ਸੀ ਉਹਨਾਂ ਦਾ ਘਰ । ਅੱਗੇ ਸੱਤਾ ਤੇ ਬਲਵੰਡ ਬਿਨਾਂ ਕਿਸੇ ਤਿਆਰੀ ਦੇ ਬੈਠੇ ਸਨ । ਉਹਨਾਂ ਦੇ ਚਿਹਰਿਆਂ 'ਤੇ ਅਜੇ ਵੀ ਓਵੇਂ ਗੁੱਸੇ ਦੀਆਂ ਰੇਖਾ ਚਮਕ ਰਹੀਆਂ ਸਨ । ਸਿੱਖਾਂ ਨੇ 'ਸਤਿ ਕਰਤਾਰ' ਕਹਿ ਕੇ ਗੁਰੂ ਮਹਾਰਾਜ ਦਾ ਹੁਕਮ ਜਾ ਸੁਣਾਇਆ ।

ਸਾਕਾ

ਹੁਕਮ ਸੁਣਾਇਆ ਗੁਰਾਂ ਦਾ ਸਿੱਖਾਂ ਨੇ ਜਾ ਕੇ
ਅੱਗੋਂ ਰਬਾਬੀ ਬੋਲਦੇ ਗੁੱਸੇ ਵਿਚ ਆ ਕੇ
ਸਾਨੂੰ ਜਾਤਾ ਗੁਰਾਂ ਕੀ, ਦੱਸੋ ਸਮਝਾ ਕੇ
ਕੱਲ੍ਹ ਅਸਾਂ ਨੂੰ ਤੋਰਿਆ ਐਵੇਂ ਟਰਕਾ ਕੇ
ਹੁਣ ਕੀ ਲੈਣਾ ਅਸਾਂ ਨੇ ਦਰ ਉਹਦੇ ਜਾ ਕੇ
ਜਿੱਥੋਂ ਆਏ ਕੱਲ੍ਹ ਬੇ-ਇਜ਼ਤੀ ਕਰਵਾ ਕੇ

ਜਿਵੇਂ ਜਿਵੇਂ ਗੁਰੂ ਮਹਾਰਾਜ ਨੇ ਸਮਝਾ ਕੇ ਭੇਜਿਆ ਸੀ, ਸਿੱਖਾਂ ਨੇ ਬੜੀ ਨਮਰਤਾ ਨਾਲ ਸਭ ਕੁਛ ਕਹਿ ਸੁਣਾਇਆ ।ਅੱਗੋਂ ਰਬਾਬੀ ਬੜੇ ਔਖੇ ਹੋ ਕੇ ਬੋਲੇ, "ਭਾਈ ਸਾਹਿਬ ਜੀ! ਖ਼ੁਸ਼ੀ ਸਾਡੇ ਵੱਲੇ ਮੇਲ੍ਹੇ ਬਣ ਕੇ ਆਓ । ਅਸਾਂ ਨਹੀਂ ਜਾਣਾ । ਗੁਰੂ ਮਹਾਰਾਜ ਨੇ ਸਾਡੀ ਕੋਈ ਕਦਰ ਨਹੀਂ ਜਾਣੀ । ਮਿਹਨਤ ਸਾਰੀ ਸਾਡੀ ਸੀ, ਤੇ ਉਸ ਦਾ ਫਲ ਉਹ ਖਾਂਦੇ ਸਨ ।ਅਸੀਂ ਬਾਣੀ ਦਾ ਕੀਰਤਨ ਕਰਦੇ ਸਾਂ, ਤਾਂ ਸੰਗਤਾਂ ਆਉਂਦੀਆਂ ਸਨ ।ਹੁਣ ਬੈਠੇ ਰਹਿਣ ਖਾਂ ਗੁਰੂ ਮਹਾਰਾਜ ਇੱਕਲ੍ਹੇ । ਨਾ ਅਸੀਂ ਕੀਰਤਨ ਕਰਾਂਗੇ, ਨਾ ਸੰਗਤਾਂ ਆਉਣਗੀਆਂ ਤੇ ਨਾ ਚੜ੍ਹਾਵੇ ਚੜ੍ਹਨਗੇ । ਸਾਡੇ ਨਾਲ ਹੀ ਸਭ ਰੌਣਕਾਂ ਸਨ ।ਥੋੜੇ ਦਿਨਾਂ ਅੰਦਰ ਹੀ ਮਹਾਰਾਜ ਨੂੰ ਪਤਾ ਲੱਗ ਜਾਇਗਾ, ਕਿ ਅਸੀਂ ਕਿਸ ਸ਼ਕਤੀ ਦੇ ਮਾਲਕ ਹਾਂ । ਗੁਰੂ ਜੀ ਨੇ ਆਪ ਕਹਿ ਕੇ ਕੱਲ੍ਹ ਮਸੰਦਾਂ ਨੂੰ ਦਸਵੰਧ ਦੀ ਉਗਰਾਹੀ ਪੇਸ਼ ਨਹੀਂ ਕਰਨ ਦਿਤੀ । ਸਾਨੂੰ ਏਸ ਤਰ੍ਹਾਂ ਟਰਕਾਇਆ ਗਿਆ ਹੈ, ਜਿਵੇਂ ਅਸੀਂ ਕਿਸੇ ਗਿਣਤੀ ਵਿਚ ਈ ਨਹੀਂ ਹੁੰਦੇ । ਭਲਾ ਜੇ ਉਹਨਾਂ ਮਾਇਆ ਦੇਣੀ ਹੁੰਦੀ, ਤਾਂ ਖ਼ਜ਼ਾਨੇ ਵਿਚੋਂ ਨਹੀਂ ਸਨ ਦੇ ਸਕਦੇ ? ਇਹ ਜਾਣ ਬੁੱਝ ਕੇ ਸਾਡਾ ਅਪਮਾਨ ਕੀਤਾ ਗਿਆ ਏ ।ਹੁਣ ਅਸੀਂ ਓਥੇ ਕਿਉਂ ਜਾਈਏ ? ਅਸੀਂ ਜਿਸ ਸੋਢੀ ਅੱਗੇ ਬਹਿ ਕੇ ਕੀਰਤਨ ਕਰਾਂਗੇ, ਓਸੇ ਨੂੰ ਸੰਗਤ ਗੁਰੂ ਮੰਨਣ ਲੱਗ ਪਵੇਗੀ । ਜਾਓ, ਜਾ ਕੇ ਗੁਰੂ ਨੂੰ ਕਹਿ ਦਿਓ, ਖ਼ੁਸ਼ੀ ਸਾਡੇ ਵੱਲੇ ਬੰਦੇ ਭੇਜੇ, ਅਸੀਂ ਨਹੀਂ ਆਵਾਂਗੇ।"

ਸਿੱਖ ਪਿਆਰ ਤੇ ਨਮਰਤਾ ਨਾਲ ਬੜਾ ਸਮਝਾ ਰਹੇ, ਪਰ ਰਬਾਬੀਆਂ ਇਕ ਨਾ ਮੰਨੀ । ਅੰਤ ਸਿੱਖ ਉਦਾਸ ਹੋ ਕੇ ਵਾਪਸ ਪਰਤ ਆਏ । ਉਹਨਾਂ

ਸਾਰੀ ਵਾਰਤਾ ਮਹਾਰਾਜ ਨੂੰ ਆ ਸੁਣਾਈ । ਸ਼ਾਂਤੀ ਸਰੂਪ ਗੁਰਦੇਵ ਨੇ ਧੀਰਜ ਦੇ ਕੇ ਸਿੱਖਾਂ ਨੂੰ ਇਕ ਵਾਰ ਫਿਰ ਭੇਜਿਆ । ਪਰ ਹੰਕਾਰੇ ਹੋਏ ਰਬਾਬੀ ਫਿਰ ਵੀ ਨਾ ਆਏ ।

ਤੀਸਰੀ ਵਾਰ ਗੁਰੂ ਮਾਹਰਾਜ ਆਪ ਤਿਆਰ ਹੋ ਪਏ । ਵਿਚੋਂ ਬਹੁਤ ਸਾਰੇ ਸਿੱਖਾਂ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ ! ਇਹ ਠੀਕ ਨਹੀਂ । ਉਹਨਾਂ ਹੰਕਾਰੇ ਹੋਏ ਰਬਾਬੀਆਂ ਦੇ ਘਰ ਸੱਚੀ ਸਰਕਾਰ ਆਪ ਚੱਲ ਕੇ ਜਾਏ, ਇਹ ਹਜ਼ੂਰ ਦੀ ਸ਼ਾਨ ਦੇ ਉਲਟ ਹੈ । ਸਾਡੀ ਅਰਦਾਸ ਮੰਨੋ, ਤੇ ਆਪ ਨਾ ਜਾਓ ।"

ਦਇਆ ਦੇ ਪੁੰਜ ਓਸੇ ਧੀਰਜ ਨਾਲ ਬੋਲੇ, "ਗੁਰਮੁਖੋ ! ਗੁਰੂ ਦੀ ਸ਼ਾਨ ਸਿੱਖਾਂ ਨਾਲ ਹੀ ਹੈ । ਜੇ ਪੁੱਤਰ ਮਾਣ ਕਰ ਕੇ ਰੁੱਸ ਬਹੇ, ਤਾਂ ਕਿ ਪਿਤਾ ਉਸ ਨੂੰ ਮਨਾਉਣ ਨਾ ਜਾਏ ? ਉਹ ਗੁਰੂ-ਘਰ ਦੇ ਕੀਰਤਨੀਏਂ ਹਨ । ਉਹਨਾਂ ਦਾ ਮਾਣ ਰੱਖਣ ਵਾਸਤੇ ਅਸੀਂ ਜ਼ਰੂਰ ਜਾਵਾਂਗੇ । ਉਹ ਸਾਡਾ ਕਿਹਾ ਨਹੀਂ ਮੋੜਨਗੇ । ਵੇਖੋ ਖਾਂ ਸੰਗਤਾਂ ਕਿਵੇਂ ਉਤਾਵਲੀਆਂ ਹੋ ਰਹੀਆਂ ਹਨ । ਸਰੋਤਿਆਂ ਦੀ ਬੇਤਾਬੀ ਸਾਥੋਂ ਝੱਲੀ ਨਹੀਂ ਜਾਂਦੀ । ਚੱਲੋ, ਉਹਨਾਂ ਨੂੰ ਛੇਤੀ ਲਿਆਈਏ । ਉਹ ਕੀਰਤਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨ ।"

ਬਹੁਤ ਸਾਰੇ ਚੋਣਵੇਂ ਸਿੱਖਾਂ ਨੂੰ ਨਾਲ ਲੈ ਕੇ ਸੱਚੇ ਪਾਤਸ਼ਾਹ ਆਪ ਰਬਾਬੀਆਂ ਦੇ ਘਰ ਜਾ ਪਹੁੰਚੇ ।

ਬੈਂਤ

ਫੇਰ ਨਮਰਤਾ ਦੇ ਪੁੰਜ ਆਪ ਸਤਿਗੁਰ
ਪਹੁੰਚੇ ਘਰ ਰਬਾਬੀਆਂ ਆਇ ਕੇ ਜੀ
ਵਿਹੜੇ ਵੜਦਿਆਂ, ਸੱਤੇ ਬਲਵੰਡ ਤਾਈਂ
ਬੋਲੇ 'ਸਤਿ ਕਰਤਾਰ' ਸੁਣਾਇਕੇ ਜੀ
"ਥੋੜੀ ਗੱਲ ਤੋਂ ਤੁਸੀਂ ਨਾਰਾਜ਼ ਹੋ ਕੇ
ਕਾਹਨੂੰ ਬੈਠ ਗਏ ਮੁੱਖ ਭੁਆਇ ਕੇ ਜੀ
ਵਾਟ ਤੁਸਾਂ ਦੀ ਰਹੀ ਉਡੀਕ ਸੰਗਤ
ਚੱਲੋ, ਦਿਹੋ ਦਰਸ਼ਨ ਸਭ ਨੂੰ ਜਾਇਕੇ ਜੀ
ਮਿਹਰ ਤੁਸਾਂ ਉਤੇ ਨਾਨਕ ਗੁਰੂ ਦੀ ਏ

ਚੱਲੋ ਤਾਰੋ ਗੁਰਬਾਣੀ ਸੁਣਾਇਕੇ ਜੀ
ਸਾਂਝ ਗੁਰੂ-ਘਰ ਨਾਲ ਚਰੋਕਣੀ ਜੋ
ਇਉਂ ਰੁੱਸੇ ਨਾ ਉਹਨੂੰ ਭੁਲਾਇਕੇ ਜੀ
ਕੀ ਏ ਮਾਇਆ ਦੀ ਗੱਲ, ਮਿਲ ਹੋਰ ਜਾਸੀ
ਗੁਰੂ ਬਖ਼ਸ਼ੇਗਾ ਮਿਹਰ ਵਿਚ ਆਇਕੇ ਜੀ
ਬਣਿਆਂ ਆਉਂਦਾ ਪ੍ਰੇਮ ਜੋ ਪੀੜ੍ਹੀਆਂ ਦਾ
ਇਉਂ ਤੋੜੋ ਨਾ ਕ੍ਰੋਧ ਮਨ ਲਿਆਇਕੇ ਜੀ"

ਵਿਹੜੇ ਚਰਨ ਆਉਂਦਿਆਂ ਹੀ ਗੁਰਦੇਵ ਨੇ ਬੜੇ ਪਿਆਰ ਨਾਲ ਕਿਹਾ, "ਭਾਈ ਰਾਏ ਬਲਵੰਡ! ਸਤਿ ਕਰਤਾਰ । ਗੁਰ ਸਵਾਰਿਓ! ਸਾਡੇ ਨਾਲ ਰੁੱਸ ਪੈਣਾ ਸੀ ? ਜੇ ਤੁਸੀਂ ਮਾਣ ਕਰ ਬੈਠੇ ਓ, ਤਾਂ ਅਸੀਂ ਤੁਹਾਨੂੰ ਮਨਾਉਣ ਆ ਗਏ ਹਾਂ । ਹੁਣ ਸਾਡਾ ਹੰਮਾ ਨਾ ਢਾਹਿਓ । ਚੱਲੋ; ਚੱਲ ਕੇ ਸੰਗਤਾਂ ਨੂੰ ਕੀਰਤਨ ਸੁਣਾਓ । ਤੇ ਮਾਇਆ ਦੀ ਕਿਹੜੀ ਗੱਲ ਏ ? ਜਿੰਨੀ ਚਾਹੋਗੇ, ਹੋਰ ਮਿਲ ਜਾਇਗੀ । ਗੁਰੂ ਨਾਨਕ ਦੇਵ ਬਹੁਤ ਮਿਹਰ ਕਰਨਗੇ। ਉੱਠੋ, ਹੁਣ ਦੇਰ ਨਾ ਲਾਓ ।"

ਅਫ਼ਸੋਸ! ਰਬਾਬੀਆਂ ਕੁਛ ਨਾ ਸੋਚਿਆ । ਦੀਨ ਦੁਨੀ ਦਾ ਵਾਲੀ ਆਪ ਚੱਲ ਕੇ ਘਰ ਆਇਆ, ਪਰ ਸੱਤਾ ਤੇ ਬਲਵੰਡ ਅੱਗੋਂ ਆਕੜੇ ਹੀ ਬੈਠੇ ਰਹੇ । ਨਾ ਉਹਨਾਂ ਉੱਠ ਕੇ ਆਦਰ ਕੀਤਾ ਤੇ ਨਾ ਹੀ 'ਸਤਿ ਕਰਤਾਰ' ਦਾ ਉੱਤਰ ਦਿਤਾ । ਏਥੋਂ ਤਕ, ਕਿ ਉਹਨਾਂ ਹਜ਼ੂਰ ਨੂੰ ਬੈਠਣ ਵਾਸਤੇ ਵੀ ਨਹੀਂ ਕਿਹਾ। ਮਹਾਰਾਜ ਓਵੇਂ ਖੜੇ ਰਹੇ । ਰਬਾਬੀਆਂ ਕ੍ਰੋਧ ਨਾਲ ਸਗੋਂ ਮੂੰਹ ਦੂਜੇ ਪਾਸੇ ਕਰ ਲਏ ।

ਮਿਰਜ਼ਾ

ਸੱਤਾ ਤੇ ਬਲਵੰਡ ਸੁਣ ਬੈਠੇ ਮੁੱਖ ਭੁਆਂ
ਪਾਣ ਚੜ੍ਹੀ ਹੰਕਾਰ ਦੀ ਅਕਲ ਗਈ ਚਕਰਾਂ
ਇਹ ਹਉਮੈ ਇਨਸਾਨ ਨੂੰ, ਦੇ ਸ਼ੈਤਾਨ ਬਣਾਂ
ਆਦਰ ਕੀਤਾ ਮੂਲ ਨਾ, ਮਨ ਵਿਚ ਕ੍ਰੋਧ ਲਿਆਂ
ਬੋਲੇ ਕੌੜ ਬੋਲ ਇਉਂ ਮੱਥੇ ਤਿਉੜੀ ਪਾਂ
"ਕਦਰ ਨਾ ਜਾਤਾ ਅਸਾਂ ਦਾ ਤੁਸਾਂ ਭੁਲੇਖਾ ਖਾ

ਗੁਰੂ ਬਣਾਇਆ ਅਸਾਂ ਹੀ ਜੱਸ ਤੁਹਾਡਾ ਗਾ
ਕਰਾਮਾਤ ਸਭ ਰਾਗ ਦੀ, ਲੋਕੀਂ ਝੁਕਦੇ ਆ
ਸਿੱਧੇ ਸਾਦੇ ਸਿੱਖ ਜੋ, ਧਰਨ ਚੜ੍ਹਾਵਾ ਲਿਆ
ਮਿਹਨਤ ਸਾਰੀ ਅਸਾਂ ਦੀ, ਰਹੇ ਤੁਸੀਂ ਫਲ ਖਾ
ਜੀਹਦੇ ਦਰ 'ਤੇ ਬੈਠ ਕੇ, ਪੜ੍ਹਾਂਗੇ ਬਾਣੀ ਜਾ
ਓਸੇ ਨੂੰ ਹੀ ਲਵਾਂਗੇ, ਸੱਗਵਾਂ ਗੁਰੂ ਬਣਾ
ਵੱਡੇ ਵਡੇਰੇ ਤੁਸਾਂ ਦੇ, ਗਏ ਜੋ ਗੁਰੂ ਸਦਾ
ਸੱਚ ਪੁੱਛੋ, ਤਾਂ ਅਸਾਂ ਹੀ ਥਾਪੇ ਸਨ ਵਡਿਆ
ਕੋਈ ਨਾ ਨਾਨਕ ਗੁਰੂ ਨੂੰ, ਮੰਨਦਾ ਸੀਸ ਝੁਕਾ
ਜੇ ਮਰਦਾਨਾ ਜੱਸ ਨਾ, ਗਾਉਂਦਾ ਸਾਜ਼ ਵਜਾ
ਜਾਉ, ਨਹੀਂ ਸੰਗ ਤੁਸਾਂ ਦੇ, ਹੁੰਦਾ ਹੋਰ ਨਿਭਾ
ਹੋਇਆ ਜੇ ਬਲ ਅਸਾਂ ਵਿਚ, ਲਵਾਂਗੇ ਜਗਤ ਨੁਆ"

ਰਬਾਬੀਆਂ ਵੱਲੋਂ ਅਵੱਗਿਆ ਭਰਿਆ ਸਲੂਕ ਵੇਖ ਕੇ ਸਿੱਖ ਬੜੇ ਨਾਰਾਜ਼ ਹੋ ਰਹੇ ਸਨ। ਪਰ ਸ਼ਾਂਤੀ ਦੇ ਪੁੰਜ ਅਜੇ ਵੀ ਉਹਨਾਂ ਨੂੰ ਮਨਾਉਣ ਦਾ ਯਤਨ ਕਰ ਰਹੇ ਸਨ। ਅਥਾਹ ਨਿਮਰਤਾ ਦੇ ਬਦਲੇ ਰਬਾਬੀ ਸਗੋਂ ਕ੍ਰੋਧ ਵਿਚ ਆ ਕੇ ਬੋਲੇ, "ਬੱਸ, ਮਹਾਰਾਜ! ਖੁਸ਼ੀ ਬਹੁਤੀ ਵਾਰੀ ਆਖੋ। ਜਿੱਥੋਂ ਅਸੀਂ ਕੱਲ੍ਹ ਨਿਰਾਦਰ ਕਰਾ ਕੇ ਆਏ ਆਂ, ਅੱਜ ਫੇਰ ਓਸੇ ਬੂਹੇ 'ਤੇ ਜਾਣ ਨੂੰ ਤਿਆਰ ਨਹੀਂ। ਤੁਸੀਂ ਸਾਡਾ ਕੀ ਮੁੱਲ ਪਾਇਆ? ਕਰਾਮਾਤ ਸਾਰੀ ਸਾਡੇ ਰਾਗ ਦੀ ਹੈ, ਜੋ ਸਾਰੀ ਦੁਨੀਆਂ ਤੁਹਾਡੇ ਚਰਨਾਂ 'ਤੇ ਝੁਕਦੀ ਏ। ਮਿਹਨਤ ਸਾਡੀ ਤੇ ਫਲ ਤੁਸੀਂ ਖਾ ਰਹੇ ਹੋ। ਜੇ ਆਪ ਠੀਕ ਤਰ੍ਹਾਂ ਸੋਚੋ, ਤਾਂ ਇਹ ਸਭ ਵਡਿਆਈਆਂ ਸਾਡੇ ਸਦਕਾ ਹੀ ਹਨ। ਸਭ ਬਰਕਤਾਂ ਸਾਡੇ ਕੀਰਤਨ ਦੀਆਂ ਹਨ। ਪਰ ਮਹਾਰਾਜ! ਇਹ ਵੀ ਨਾ ਭੁੱਲਣਾ, ਕਿ ਜੇ ਅਸੀਂ ਤੁਹਾਨੂੰ ਗੁਰੂ ਬਣਾ ਸਕਦੇ ਹਾਂ, ਤਾਂ ਹੋਰ ਕਿਸੇ ਨੂੰ ਵੀ ਬਨਾਉਣ ਦੀ ਸ਼ਕਤੀ ਰਖਦੇ ਆਂ। ਬਥੇਰ ਸੋਢੀ ਹੈਗੇ ਨੇ, ਸਰਕਾਰ ਜੀਹਦੇ ਬੂਹੇ 'ਤੇ ਬਹਿ ਕੇ ਕੀਰਤਨ ਕਰਾਂਗੇ, ਓਸੇ ਨੂੰ ਗੁਰੂ ਬਣਾ ਦਿਆਂਗੇ।"

ਗੁਰੂ ਮਹਾਰਾਜ ਨੇ ਗੁੱਸਾ ਨਹੀਂ ਕੀਤਾ, ਸਗੋਂ ਬੜੀ ਹਲੀਮੀ ਨਾਲ ਕਿਹਾ; "ਭਾਈ ਸਾਹਿਬ! ਅਸੀਂ ਤਾਂ ਗੁਰੂ ਨਹੀਂ। ਗੁਰੂ ਤਾਂ ਮਹਾਰਾਜ ਨਾਨਕ

ਦੇਵ ਜੀ ਸਨ । ਅਸੀਂ ਤਾਂ ਉਹਨਾਂ ਦੀ ਗੱਦੀ ਦੇ ਸੇਵਾਦਾਰ ਹਾਂ ।ਸਾਡੇ ਨਾਲ ਗੁੱਸਾ ਕੇਹਾ ? ਚੱਲੋ, ਚੱਲ ਕੇ ਗੁਰੂ ਦਰਬਾਰ ਦੀ ਸੋਭਾ ਵਧਾਓ ।"

ਅੱਗੋਂ ਡਾਢਾ ਸੜ ਕੇ ਬਲਵੰਡ ਨੇ ਉੱਤਰ ਦਿਤਾ, "ਨਾਨਕ ਦੇਵ ਨੂੰ ਵੀ ਗੁਰੂ ਬਨਾਉਣ ਵਾਲੇ ਅਸੀਂ ਹੀ ਸਾਂ । ਜੇ ਸਾਡਾ ਮਰਦਾਨਾ ਕੀਰਤਨ ਕਰਨ ਵਾਲਾ ਨਾ ਹੁੰਦਾ, ਤਾਂ ਗੁਰੂ ਨਾਨਕ ਨੂੰ ਕੋਈ ਪੁਛਦਾ ਵੀ ਨਾ।"

"ਓਹ ਹੋ ! ਇਹ ਤਾਂ ਫਿੱਟ ਗਏ ਹਨ।" ਅਫ਼ਸੋਸ ਨਾਲ ਕਹਿੰਦੇ ਹੋਏ ਗੁਰੂ ਅਰਜਨ ਦੇਵ ਜੀ ਓਥੋਂ ਪਰਤ ਆਏ ।"ਸਾਨੂੰ ਇਹ ਹੋਰ ਵੀ ਚਾਰ ਗੱਲਾਂ ਕਹਿ ਲੈਂਦੇ, ਤਾਂ ਕੋਈ ਗਿਲ੍ਹਾ ਨਹੀਂ ਸੀ । ਪਰ ਇਹਨਾਂ ਤਾਂ ਗੁਰੂ ਨਾਨਕ ਦੇਵ ਜੀ ਦਾ ਨਿਰਾਦਰ ਕੀਤਾ ਹੈ ।ਗੁਰੂ ਦੀ ਨਿੰਦਿਆ ਸੁਣ ਕੇ ਸਿੱਖ ਕਿਵੇਂ ਸਹਾਰ ਸਕਦਾ ਹੈ ?ਉਹ ਦੀਨ ਦੁਨੀ ਦੇ ਵਾਲੀ, ਨਿਰੰਕਾਰ ਦੀ ਜੋਤ, ਜਗਤ ਗੁਰੂ ਸਨ ।ਉਹਨਾਂ ਦੀ ਸ਼ਾਨ ਵਿਚ ਅਜੇਹੇ ਅਵੱਗਿਆ ਭਰੇ ਵਾਕ ? ਫਿੱਟੇ ਹੋਏ ਹੰਕਾਰੀਆਂ ਨੇ ਅਸਲੀਅਤ ਨਹੀਂ ਸਮਝੀ । ਇਹ ਗੁਰੂ ਘਰੋਂ ਧੱਕੇ ਗਏ ਹਨ । ਕੋਈ ਗੁਰੂ ਕਾ ਸਿੱਖ ਇਹਨਾਂ ਦੇ ਮੱਥੇ ਨਾ ਲੱਗੇ।"

ਏਸੇ ਤਰ੍ਹਾਂ ਦੇ ਗਿਲ੍ਹੇ ਭਰੇ ਵਾਕ ਕਹਿੰਦੇ ਗੁਰੂ ਮਹਾਰਾਜ ਅਸਥਾਨ 'ਤੇ ਜਾ ਪੁਜੇ । ਰਬਾਬੀਆਂ ਨੂੰ ਨਾਲ ਨਾ ਵੇਖ ਕੇ ਸੰਗਤਾਂ ਨੇ ਹੈਰਾਨੀ ਨਾਲ ਪੁਛਿਆ, "ਸੱਚੇ ਪਾਤਸ਼ਾਹ! ਕੀ ਹੁਣ ਕੀਰਤਨ ਨਹੀਂ ਹੋਵੇਗਾ ?"

"ਸਤਿਗੁਰੂ ਸਵਾਰੀ ਸਾਧ ਸੰਗਤ ! ਰੱਬੀ ਕੀਰਤਨ ! ਕਿਵੇਂ ਰੁਕ ਸਕਦਾ ਏ ? ਕੀਰਤਨ ਵਿਚ ਤਾਂ ਸਿੱਖੀ ਦੇ ਪ੍ਰਾਣ ਹਨ। ਕੀਰਤਨ ਜ਼ਰੂਰ ਹੋਵੇਗਾ।" ਹਜ਼ੂਰ ਨੇ ਬੜੀ ਮਿੱਠੀ ਬੋਲੀ ਵਿਚ ਕਿਹਾ ।

"ਪਰ, ਮਹਾਰਾਜ !ਕੀਰਤਨ ਕਰੇਗਾ ਕੌਣ ?" ਸੰਗਤਾਂ ਵਿਚੋਂ ਕੁਛ ਸਿੱਖਾਂ ਨੇ ਫਿਰ ਪੁਛਿਆ ।

"ਗੁਰੂ ਦੇ ਸਿੱਖ ਕੀਰਤਨ ਕਰਨਗੇ ।ਅੱਜ ਤੋਂ ਸੱਚੇ ਪਾਤਸ਼ਾਹ ਨੇ ਇਹ ਅਮੋਲਕ ਦਾਤ ਆਪਣੇ ਸਿੱਖਾਂ ਨੂੰ ਬਖਸ਼ ਦਿਤੀ ਹੈ ।ਫੜੋ ਸਾਜ਼, ਤੇ ਕੀਰਤਨ ਆਰੰਭ ਕਰੋ।" ਗੁਰਦੇਵ ਨੇ ਸਿੱਖਾਂ ਨੂੰ ਵਰ ਦੇਂਦਿਆਂ ਫ਼ੁਰਮਾਇਆ ।

ਹੁਕਮ ਮੰਨ ਕੇ ਸਿੱਖਾਂ ਨੇ ਸਾਜ਼ ਸੰਭਾਲ ਲਏ। ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋ ਗਿਆ। ਗੁਰੂ ਅਰਜਨ ਦੇਵ ਜੀ ਆਪ ਰਾਗ ਵਿੱਦਿਆ ਦੇ ਬੜੇ ਧਨੀ ਸਨ। ਹਜ਼ੂਰ ਆਪ ਨਾਲ ਬਹਿ ਕੇ ਕੀਰਤਨ ਕਰਨ ਲੱਗੇ ।ਅੱਜ ਹੁਨਰ ਦੇ ਨਾਲ ਆਤਮਕ ਸੱਤਿਆ ਵੀ ਮਿਲੀ ਹੋਈ ਸੀ ।ਸੰਗਤਾਂ ਨੂੰ ਅਜੇਹਾ ਰਸ ਆਇਆ, ਜੋ ਬੋੱਲੀ ਵਿਚ ਪਰਗਟ ਨਹੀਂ ਕੀਤਾ ਜਾ ਸਕਦਾ ।

ਓਦੋਂ ਦੀ ਗੁਰੂ ਅਰਜਨ ਦੇਵ ਜੀ ਦੀ ਬਖ਼ਸ਼ਸ਼, ਅੱਜ ਸਿੱਖਾਂ ਵਿਚ ਕੋਈ ਨਾਮਵਰ ਰਾਗੀ ਹਨ, ਜਿੰਨ੍ਹਾਂ 'ਤੇ ਕੌਮ ਮਾਣ ਕਰ ਸਕਦੀ ਹੈ ।

ਦੂੱਜੇ ਪਾਸੇ ਗੁਰੂ ਜੀ ਦੇ ਵਾਪਸ ਮੁੜ ਜਾਣ ਪਿਛੋਂ ਰਬਾਬੀ ਘਰੇ ਹੀ ਸਾਜ਼ ਖੋਲ੍ਹ ਕੇ ਕੀਰਤਨ ਕਰਨ ਲੱਗ ਪਏ ।ਉਹਨਾਂ ਨੂੰ ਆਪਣੀ ਰਾਗ ਵਿੱਦਿਆ ਦਾ ਬੜਾ ਹੰਕਾਰ ਸੀ ।ਉਹਨਾਂ ਦਾ ਖ਼ਿਆਲ ਸੀ, ਕਿ ਉਹਨਾਂ ਦੀ ਵਾਜ ਸੁਣ ਕੇ ਸਾਰੀਆਂ ਸੰਗਤਾਂ ਓਥੇ ਹੀ ਆ ਹਾਜ਼ਰ ਹੋਣਗੀਆਂ ।ਪਰ ਉਹਨਾਂ ਦੇ ਸਭ ਭੁਲੇਖੇ ਦੂਰ ਹੋ ਗਏ, ਜਾਂ ਪਹਿਰ-ਸਵਾ ਪਹਿਰ ਸੰਘ ਪਾੜਨ 'ਤੇ ਇਕ ਵੀ ਸਿੱਖ ਨਾ ਆਇਆ ।ਉਹਨਾਂ ਨੂੰ ਏਸੇ ਤਰ੍ਹਾਂ ਘਰ ਕੀਰਤਨ ਕਰਦਿਆਂ ਅੱਠ-ਦਸ ਦਿਨ ਬੀਤ ਗਏ, ਪਰ ਭੁੱਲ ਕੇ ਵੀ ਕੋਈ ਸਿੱਖ ਉਸ ਪਾਸੇ ਨਾ ਗਿਆ ।ਗੁਰੂ ਜੀ ਦਾ ਹੁਕਮ ਸੀ, ਕਿ ਕੋਈ ਸਿੱਖ ਉਹਨਾਂ ਦੇ ਮੱਥੇ ਨਾ ਲੱਗੇ। ਫਿਰ ਸਿੱਖ ਇਸ ਹੁਕਮ ਦੀ ਉਲੰਘਣਾ ਕਿਵੇਂ ਕਰ ਸਕਦੇ ਸਨ ।

ਫਿਰ ਰਬਾਬੀ ਸਾਜ਼ ਚੁਕ ਕੇ ਸਿੱਖਾਂ ਦੇ ਘਰਾਂ ਵੱਲ ਕੀਰਤਨ ਸੁਨਾਉਣ ਵਾਸਤੇ ਤੁਰ ਪਏ ।ਪਰ ਜਿਸ ਬੂਹੇ ਉਤੇ ਜਾ ਕੇ ਉਹ ਵਾਜ ਮਾਰਦੇ, ਸਿੱਖ ਅੱਗੋਂ ਬੂਹਾ ਬੰਦ ਕਰ ਲੈਂਦੇ ।ਕੋਈ ਵੀ ਉਹਨਾਂ ਦਾ ਕੀਰਤਨ ਸੁਣਨ ਵਾਸਤੇ ਤਿਆਰ ਨਾ ਹੁੰਦਾ ।

ਏਥੇ ਹੀ ਬੱਸ ਨਹੀਂ। ਗੁਰੂ ਜੀ ਦੇ ਸਰਾਪ ਨਾਲ ਸੱਤੇ ਤੇ ਬਲਵੰਡ ਨੂੰ ਮਾਰੂ ਰੋਗ ਨੇ ਘੇਰ ਲਿਆ ।ਦੋਹਾਂ ਦੇ ਸਰੀਰ ਫਿਟ ਗਏ ।ਥਾਂ ਥਾਂ ਅੰਗਾਂ ਉਤੇ ਜ਼ਖ਼ਮ ਬਣ ਕੇ ਵਿਚੋਂ ਪਾਕ ਵਗਣ ਲੱਗ ਪਈ। ਇਸ ਹਾਲਤ ਵਿਚ ਕੋਈ ਵੀ ਉਹਨਾਂ ਨੂੰ ਨੇੜੇ ਨਾ ਛੁਹਣ ਦੇਵੇ ।ਹੁਣ ਉਹ ਲੱਗੇ ਆਪਣੀ ਕੀਤੀ 'ਤੇ ਪਛਤਾਉਣ ।

ਇਕ ਦਿਨ ਪਟਨੇ ਦੀ ਸੰਗਤ ਅੰਮ੍ਰਿਤਸਰ ਦਰਸ਼ਨਾਂ ਨੂੰ ਆਈ ।ਸੱਤੇ ਬਡਵੰਡ ਨੂੰ ਮਹਾਰਾਜ ਦੀ ਹਜ਼ੂਰੀ ਵਿਚ ਨਾ ਵੇਖ ਕੇ ਸੰਗਤ ਦੇ ਮੁਖੀ ਸਿੱਖਾਂ ਨੇ ਗੁਰਦੇਵ ਪਾਸੋਂ ਇਸ ਦਾ ਕਾਰਨ ਪੁਛਿਆ ।ਹਜ਼ੂਰ ਨੇ ਉੱਤਰ ਦਿਤਾ, "ਉਹ ਫਿੱਟੇ ਹੋਏ ਗੁਰੂ ਨਾਨਕ ਦੇ ਨਿੰਦਕ ਹਨ ।ਕੋਈ ਸਿੱਖ ਉਹਨਾਂ ਦੇ ਮੱਥੇ ਨਾ ਲੱਗੇ ।ਜਿਹੜਾ ਉਹਨਾਂ ਦੀ ਸਫ਼ਾਰਸ਼ ਕਰੇਗਾ, ਉਸ ਦਾ ਮੂੰਹ ਕਾਲਾ ਕਰ ਕੇ ਗਧੇ 'ਤੇ ਚੜ੍ਹਾ ਕੇ, ਪਿੱਛੇ ਢੋਲ ਮਾਰ ਕੇ, ਸਾਰੇ ਸ਼ਹਿਰ ਵਿਚ ਫੇਰਾਂਗੇ ।ਕੋਈ ਉਹਨਾਂ ਦਾ ਨਾਂ ਨਾ ਲਵੇ।"

ਸਭ ਸੰਗਤ ਸੁਣ ਕੇ ਚੁੱਪ ਹੋ ਗਈ। ਫਿਰ ਰਬਾਬੀਆਂ ਦਾ ਨਾਮ ਲੈਣ ਦੀ ਕਿਸੇ ਦੀ ਹਿੰਮਤ ਨਹੀਂ ਪਈ ।ਉਹਨਾਂ ਦੀ ਮਾੜੀ ਕਰਤੂਤ ਸੁਣ ਕੇ ਹਰ ਸਿੱਖ ਦੇ ਦਿਲ ਵਿਚ ਰੰਜ ਤੇ ਅਫ਼ਸੋਸ ਜ਼ਰੂਰ ਸੀ ।

ਆਖ਼ਰ ਰਬਾਬੀਆਂ ਦੀ ਹਾਲਤ ਦਿਨੋ ਦਿਨ ਵਿਗੜਦੀ ਗਈ ।ਘਰ ਦੇ ਬਾਕੀ ਜੀ ਵੀ ਉਹਨਾਂ ਤੋਂ ਦੂਰ ਦੂਰ ਖਿਸਕਣ ਲੱਗ ਪਏ ।ਨਾ ਕੋਈ ਮੂੰਹ ਲਾਵੇ, ਨਾ ਕਿਸੇ ਪਾਸਿਓਂ ਕੋਈ ਪੈਸਾ ਆਵੇ ।ਲੱਗੇ ਭੁੱਖੇ ਮਰਨ ।ਹੰਕਾਰ ਦਾ ਨਸ਼ਾ ਉਤਰਿਆ, ਤਾਂ ਸੱਤਾ ਤੇ ਬਲਵੰਡ ਕੀਤੀ ਉੱਤੇ ਝੂਰਨ ਲੱਗੇ।

ਕਲੀ

ਜਿਸ ਨੇ ਹਉਮੇ ਦੇ ਵਿਚ ਆ ਕੇ ਛਡਿਆ ਗੁਰਾਂ ਨੂੰ
ਆਇਆ ਸਮਾਂ ਓਸ ਨੂੰ ਛਡ ਗਈ ਦੁਨੀਆਂ ਸਾਰੀ
ਬੈਠੇ ਸੱਤਾ ਤੇ ਬਲਵੰਡ ਘਰ ਵਿਚ ਝੂਰਦੇ
ਕੁਝ ਦਿਨ ਪਹਿਲਾਂ ਜਿਹੜੇ ਐਨੇ ਸੀ ਹੰਕਾਰੀ
ਫਿੱਟੀਆਂ ਦੇਹਾਂ, ਡਾਢੇ ਮਾਰੂ ਰੋਗਾਂ ਘੇਰਿਆ
ਭੁੱਲੇ ਪਰਮੇਸ਼ਰ 'ਤੇ ਪੈ ਗਈ ਬਿਪਤਾ ਭਾਰੀ
ਅਪਣੇ ਬਣੇ ਬਿਗਾਨੇ, ਕੋਈ ਨਾ ਪੁਛਦਾ ਹਾਲ ਆ
ਬੇ-ਮੁਖ ਗੁਰ ਤੋਂ ਹੋ ਗਏ, ਕੌਣ ਕਰੇ ਹੁਣ ਕਾਰੀ
ਘਰ ਵਿਚ ਬੈਠੇ ਸੋਚਣ, ਜੋ ਭੁੱਲਾਂ ਬਖ਼ਸ਼ਾਂ ਦਿਵੇ
ਦਿਸਦਾ ਇਕੋ ਇਕ ਉਹ 'ਲੱਧਾ' ਪਰ-ਉਪਕਾਰੀ
ਆਖ਼ਰ ਝੱਲ ਤਕਲੀਫ਼ਾਂ ਪਹੁੰਚੇ ਵਿਚ ਲਾਹੌਰ ਦੇ
ਭਾਈ ਲੱਧੇ ਦੇ ਦਰ ਜਾ ਕੇ ਅਰਜ਼ ਗੁਜ਼ਾਰੀ
ਤੇਰੇ ਬਾਝੋਂ ਕੋਈ ਨਾ ਦਿਸਦਾ ਸਿੱਖਾ ਗੁਰੂ ਕਿਆ
ਜਿਹੜਾ ਬਖ਼ਸ਼ੇ ਸਾਡੇ ਜੈਸੇ ਅਨ-ਅਧਿਕਾਰੀ
ਵਿਛੜੇ ਫੇਰ ਮਿਲਾਦੇ ਗੁਰ ਚਰਨਾਂ ਨਾਲ 'ਸੀਤਲਾ'
ਜੁਗ ਜੁਗ ਗਾਵੇਗੀ ਜੱਸ ਤੇਰਾ ਦੁਨੀਆਂ ਸਾਰੀ

ਸੱਤੇ ਤੇ ਬਲਵੰਡ ਨੇ ਅੰਮ੍ਰਿਤਸਰ ਵਿਚ ਇਕ ਇਕ ਸਿੱਖ ਦੇ ਬੂਹੇ 'ਤੇ

ਮੱਥਾ ਰਗੜਿਆ, ਕਿ ਕੋਈ ਉਹਨਾਂ ਦੀ ਭੁੱਲ ਬਖ਼ਸ਼ ਦੇਵੇ । ਉਹਨਾਂ ਦੀ ਤਰਸ ਯੋਗ ਹਾਲਤ ਵੇਖ ਕੇ ਸਿੱਖਾਂ ਦੇ ਮਨ ਦਇਆ ਆਉਂਦੀ, ਪਰ ਮਹਾਰਾਜ ਦੇ ਹੁਕਮ ਤੋਂ ਡਰਦਾ ਕੋਈ ਹਾਮੀ ਨਾ ਭਰਦਾ । ਸਭ ਪਾਸਿਆਂ ਤੋਂ ਨਿਰਾਸ ਹੋ ਕੇ, ਰਬਾਬੀ ਲਾਹੌਰ ਭਾਈ ਲੱਧੇ ਦੇ ਬੂਹੇ 'ਤੇ ਪੁੱਜੇ । ਭਾਈ ਲੱਧਾ ਬੜਾ ਦਇਆਵਾਨ ਤੇ ਪਰ-ਉਪਕਾਰੀ ਮੰਨਿਆ ਜਾਂਦਾ ਸੀ । ਗੁਰੂ ਜੀ ਦੀ ਆਗਿਆ ਪਾਲਨ ਕਰਦੇ ਹੋਏ ਭਾਈ ਲੱਧੇ ਨੇ ਰਬਾਬੀਆਂ ਨੂੰ ਵੇਖ ਕੇ ਬੂਹਾ ਢੋ ਲਿਆ, ਤੇ ਤਖ਼ਤਿਆਂ ਦੇ ਉਹਲੇ ਬਹਿ ਕੇ ਉਹਨਾਂ ਦੀ ਬੇਨਤੀ ਸੁਣਨ ਲਗਾ । ਉਹਨਾਂ ਦੀ ਦਿਲ ਹਿਲਾ ਦੇਣ ਵਾਲੀ ਵਾਰਤਾ ਸੁਣ ਕੇ ਭਾਈ ਸਾਹਿਬ ਨੂੰ ਤਰਸ ਆ ਗਿਆ । ਉਹਨੇ ਅੰਦਰੋਂ ਹੀ ਉੱਤਰ ਦਿਤਾ, "ਘਰ ਜਾ ਕੇ ਧੀਰਜ ਧਾਰ ਕੇ ਬੈਠੋ । ਗੁਰੂ ਭਲੀ ਕਰੇਗਾ ।"

ਸਿੱਖ ਦੇ ਇਹ ਬਚਨ ਸੁਣ ਕੇ ਰਬਾਬੀਆਂ ਨੂੰ ਬੜਾ ਹੌਸਲਾ ਹੋ ਗਿਆ । ਉਹ ਘਰ ਪਰਤ ਕੇ ਲੱਗੇ ਚੰਗੇ ਸਮੇਂ ਦੀ ਉਡੀਕ ਕਰਨ ।

ਓਧਰ ਭਾਈ ਲੱਧਾ ਬੈਠਾ ਸੋਚਾਂ ਸੋਚ ਰਿਹਾ ਸੀ ।

ਬੈਂਤ

ਸੁਣ ਕੇ ਬੇਨਤੀ ਦੁਖੀ ਰਬਾਬੀਆਂ ਦੀ
ਲੱਧਾ ਚਿੱਤ ਦੇ ਵਿਚ ਵਿਚਾਰਦਾ ਏ
ਓਧਰ ਸਖ਼ਤ ਹੈ ਹੁਕਮ ਮਹਾਰਾਜ ਜੀ ਦਾ
ਏਧਰ ਸਮਾਂ ਮਿਲਿਆ ਪਰਉਪਕਾਰ ਦਾ ਏ
ਸਦਾ ਦੁਖੀ ਗ਼ਰੀਬ 'ਤੇ ਦਇਆ ਕਰਨੀ
ਹੁਕਮ ਇਹ ਵੀ ਤਾਂ ਸੱਚੀ ਸਰਕਾਰ ਦਾ ਏ
ਪਰਉਪਕਾਰ ਕਮਾਉਂਦਿਆਂ ਲਾਜ ਕੇਹੀ
ਰੂਪ ਧਾਰਿਆ ਉਸ ਸਜ਼ਾਵਾਰ ਦਾ ਏ
ਕਾਲਾ ਮੂੰਹ ਕਰ, ਗਧੇ 'ਤੇ ਆਪ ਚੜ੍ਹਿਆ
ਪਿੱਛੇ ਢੋਲ ਵਾਲਾ ਡੱਗਾ ਮਾਰਦਾ ਏ
ਫਿਰੇ ਗਲੀ ਬਾਜ਼ਾਰਾਂ ਦੇ ਵਿਚ ਭੌਂਦਾ
ਜੁੜਿਆ ਦਲ ਪਿਛੇ ਨਰ ਨਾਰ ਦਾ ਏ

ਜਦੋਂ ਨੇੜੇ ਦਰਬਾਰ ਦੇ ਪਹੁੰਚਿਆ ਉਹ
ਓਪਰ ਗਿਆ ਧਿਆਨ ਦਾਤਾਰ ਦਾ ਏ
ਗੁਰਾਂ ਕਿਹਾ, "ਹੈ ਕੌਣ ? ਕੀ ਚਾਹੁੰਦਾ ਹੈ ?
ਪੁੱਛੋ, ਕਿਧੇ ਡੁੱਬੇ ਬੇੜੇ ਤਾਰਦਾ ਏ ?"

ਸਾਰੀ ਰਾਤ ਸੋਚ ਵਿਚਾਰ ਕਰਨ ਪਿਛੋਂ ਭਾਈ ਲੱਧਾ ਏਸੇ ਸਿੱਟੇ ਪੁੱਜਾ, 'ਰਬਾਬੀਆਂ ਦੀ ਸਹਾਇਤਾ ਕਰਨੀ ਚਾਹੀਦੀ ਹੈ । ਬਾਕੀ ਗੱਲ ਰਹੀ ਮਹਾਰਾਜ ਦੇ ਹੁਕਮ ਦੀ । ਹਜ਼ੂਰ ਨੇ ਏਹਾ ਫ਼ੁਰਮਾਇਆ ਹੈ ਨਾ, ਕਿ ਸਫ਼ਾਰਸ਼ ਕਰਨ ਵਾਲੇ ਨੂੰ ਸਜ਼ਾ ਦਿਆਂਗੇ । ਉਹਨਾਂ ਇਹ ਤਾਂ ਨਹੀਂ ਕਿਹਾ, ਕਿ ਰਬਾਬੀਆਂ ਨੂੰ ਨਹੀਂ ਬਖ਼ਸ਼ਾਂਗੇ । ਬੱਸ ਠੀਕ ਹੈ ਗੁਰਦੇਵ ਦਾ ਹੁਕਮ ਪੂਰਾ ਕਰ ਕੇ ਹੀ ਹਜ਼ੂਰੀ ਵਿਚ ਪੇਸ਼ ਹੋਵਾਂਗਾ।'

ਅਗਲੇ ਦਿਨ ਤੜਕੇ ਹੀ ਭਾਈ ਲੱਧਾ ਲਾਹੌਰੋਂ ਤੁਰ ਪਿਆ । ਅੰਮ੍ਰਿਤਸਰ ਪਹੁੰਚ ਕੇ ਉਹਨੇ ਇਉਂ ਰਚਨਾ ਰਚੀ । ਆਪਣਾ ਮੂੰਹ ਕਾਲਾ ਕਰ ਕੇ ਉਹ ਗਧੇ 'ਤੇ ਚੜ੍ਹ ਬੈਠਾ ਤੇ ਮਗਰ ਢੋਲ ਵਾਲਾ ਲਾ ਲਿਆ। ਏਹਾ ਰੂਪ ਧਾਰ ਉਹ ਲੱਗਾ ਗਲੀ ਬਜ਼ਾਰਾਂ ਦੇ ਚੱਕਰ ਲਾਉਣ। ਇਹ ਅਨੋਖਾ ਸਾਂਗ ਵੇਖ ਕੇ ਮੁੰਡਿਆਂ ਕੁੜੀਆਂ ਦੀ ਚੋਖੀ ਢਾਣੀ ਮਗਰ ਲੱਗ ਤੁਰੀ । ਤਮਾਸ਼ਾ ਵੇਖੂ ਕੋਈ ਵਡੇਰੇ ਇਸਤਰੀ ਪੁਰਸ਼ ਵੀ ਨਾਲ ਰਲ ਗਏ । ਸਾਰੇ ਸ਼ਹਿਰ ਵਿਚ ਫਿਰ ਕੇ ਇਹ ਜਲੂਸ ਗੁਰੂ ਅਸਥਾਨ ਕੋਲ ਜਾ ਪੁੱਜਾ । ਹਜ਼ੂਰ ਨੇ ਵੇਖ ਕੇ ਹੁਕਮ ਕੀਤਾ, "ਬਲਾਓ, ਇਹ ਕੌਣ ਹੈ ਤੇ ਕੀ ਚਾਹੁੰਦਾ ਹੈ ?"

ਇਹ ਹੁਕਮ ਸੁਣ ਕੇ ਭਾਈ ਲੱਧਾ ਮਹਾਰਾਜ ਦੇ ਚਰਨਾਂ 'ਤੇ ਆ ਢੱਠਾ

ਸਾਕਾ

ਚਰਨਾਂ ਉੱਤੇ ਆ ਡਿੱਗਾ, ਲੱਧਾ ਉਪਕਾਰੀ
ਗਲ ਵਿਚ ਪੱਲਾ ਪਾਇਕੇ, ਇਉਂ ਅਰਜ਼ ਗੁਜ਼ਾਰੀ
ਬੇਸ਼ਕ ਔਗਣਹਾਰ ਦੇ ਔਗੁਣ ਹਨ ਭਾਰੀ
ਐਪਰ ਬਖ਼ਸ਼ਸ਼ ਆਪ ਦੀ ਹੈ ਜੱਗ ਤੋਂ ਨਿਆਰੀ
ਸੱਤੇ ਤੇ ਬਲਵੰਡ ਨੂੰ ਲਓ ਬਖ਼ਸ਼ ਮੁਰਾਰੀ
ਗਾਉਣ ਵਿਚ ਦਰਬਾਰ ਆ ਫਿਰ ਸਿਫ਼ਤ ਤੁਹਾਰੀ

ਸਿੱਖ ਦੀ ਇਹ ਨਿਸ਼ਕਾਮ ਘਾਲਣਾ ਵੇਖ ਕੇ ਗੁਰਦੇਵ ਬਹੁਤ ਪਰਸੰਨ ਹੋਏ । ਮਹਾਰਾਜ ਨੇ ਭਾਈ ਲੱਧੇ ਨੂੰ ਛਾਤੀ ਨਾਲ ਲਾ ਕੇ ਕਿਹਾ, "ਧੰਨ ਸਿੱਖਾ! ਧੰਨ ਤੇਰੀ ਕਮਾਈ ।"

ਜੰਗਲਾ

ਦੀਨ ਦੁਨੀ ਦਾ ਮਾਲਕ ਸੱਚਾ ਮਿਹਰਾਂ ਦੇ ਘਰ ਆਇਆ
ਫੜ ਬਾਂਹੀਂ ਤੋਂ ਸਿੱਖ ਆਪਣੇ ਨੂੰ ਘੁੱਟ ਛਾਤੀ ਨਾਲ ਲਾਇਆ
'ਧੰਨ ਧੰਨ ਪਰਉਪਕਾਰੀ ਲੱਧਾ' ਮੁੱਖੋਂ ਇਉਂ ਫ਼ੁਰਮਾਇਆ
'ਬਖ਼ਸ਼ ਦਿਤਾ ਗੁਰੂ ਨਾਨਕ ਉਸ ਨੂੰ ਜਿਸ ਨੂੰ ਬਖ਼ਸ਼ਾਇਆ'

ਗੁਰਦੇਵ ਬੜੇ ਪਰਸੰਨ-ਚਿੱਤ ਬੋਲੇ, "ਭਾਈ ਲੱਧਾ! ਗੁਰੂ ਦੇ ਧੱਕੇ ਹੋਏ ਨੂੰ ਸਿੱਖ ਬਖ਼ਸ਼ਾ ਲੈਂਦੇ ਹਨ, ਪਰ ਸਿੱਖਾਂ ਦੇ ਧੱਕੇ ਹੋਏ ਨੂੰ ਕੋਈ ਨਹੀਂ ਬਖ਼ਸ਼ ਸਕਦਾ । ਤੇਰੀ ਘਾਲਣਾ ਪੂਰੀ ਹੋਈ । ਅਸਾਂ ਸੱਤੇ ਤੇ ਬਲਵੰਡ ਨੂੰ ਬਖ਼ਸ਼ ਦਿਤਾ । ਤੂੰ ਹੁਣ ਇਹ ਹੁਲੀਆ ਬਦਲ ਲੈ । ਇਸ਼ਨਾਨ ਕਰੋ । ਗੁਰੂ ਭਲੀ ਕਰੇਗਾ ।"

ਭਾਈ ਲੱਧੇ ਨੇ ਓਸੇ ਵੇਲੇ ਇਕ ਸਿੱਖ ਨੂੰ ਰਬਾਬੀਆਂ ਘਰ ਭਜਾਇਆ, ਤੇ ਨਾਲ ਹੁਕਮ ਕੀਤਾ, "ਜਾਓ ਕਹੋ, ਦਇਆ ਦੇ ਭੰਡਾਰ ਗੁਰੂ ਮਹਾਰਾਜ ਨੇ ਉਹਨਾਂ ਦੀਆਂ ਪਿਛਲੀਆਂ ਭੁੱਲਾਂ ਬਖ਼ਸ਼ ਦਿਤੀਆਂ ਹਨ । ਜਿਸ ਮੂੰਹ ਨਾਲ ਉਹਨਾਂ ਗੁਰੂ ਮਹਾਰਾਜ ਦੀ ਨਿੰਦਿਆ ਕੀਤੀ ਸੀ, ਓਸੇ ਨਾਲ ਹਜ਼ੂਰ ਦੀ ਉਸਤਤ ਕਰਨ, ਤਾਂ ਸਰੀਰ ਵੀ ਠੀਕ ਹੋ ਜਾਣਗੇ ।"

ਹੁਕਮ ਸੁਣਦਿਆਂ ਰਬਾਬੀ ਨੱਸੇ ਆਏ । ਉਹ ਦੋਵੇਂ ਆ ਕੇ ਗੁਰੂ ਅਰਜਨ ਦੇਵ ਜੀ ਦੇ ਚਰਨਾਂ 'ਤੇ ਡਿੱਗ ਕੇ, ਰੱਜ ਕੇ ਰੋਏ। ਹਜ਼ੂਰ ਨੇ ਧੀਰਜ ਧਰਾਇਆ। ਫਿਰ ਰਬਾਬੀਆਂ ਨੇ 'ਵਾਰ' ਰਚ ਕੇ ਸੁਣਾਈ, ਜਿਸ ਵਿਚ ਪਹਿਲੀਆਂ ਪੰਜਾਂ ਪਾਤਸ਼ਾਹੀਆਂ ਦੀ ਉਸਤਤ ਹੈ । ਗੁਰੂ ਮਹਾਰਾਜ ਨੇ ਉਹ ਵਾਰ 'ਆਦਿ ਗੁਰੂ ਗ੍ਰਥ ਸਾਹਿਬ' ਵਿਚ ਰਾਗ 'ਰਾਮ ਕਲੀ' ਅੰਦਰ ਦਰਜ ਕੀਤੀ ਹੈ । ਸਤਾ ਤੇ ਬਲਵੰਡ ਹਜ਼ੂਰ ਦੇ ਸਾਮ੍ਹਣੇ ਬੈਠੇ ਵਾਰ ਗਾੱ ਰਹੇ ਸਨ, ਤੇ ਸੰਗਤ ਕਹਿ ਰਹੀ ਸੀ, 'ਧੰਨ ਭਾਈ ਲੱਧਾ ਉਪਕਾਰੀ, ਜਿਸ ਨੇ ਇਹਨਾਂ ਦੇ ਡੁੱਬੇ ਬੇੜੇ ਤਾਰੇ।'

ਪ੍ਰਸੰਗ ਲਿਖਿਆ ੧੯-੬-੫੭ ਈ.

ੴ ਸਤਿਗੁਰ ਪ੍ਰਸਾਦਿ

ਭਾਈ ਗੁਰਦਾਸ ਜੀ

ਦੇ

ਸਿਦਕ ਦੀ ਪਰਖ

ਸਾਡੇ ਦੇਸ ਵਿਚ 'ਸੰਤ ਪ੍ਰਭਾਵ' ਤੇ 'ਰਾਜ ਪ੍ਰਭਾਵ' ਪਰੰਪਰਾ ਤੋਂ ਚਲੇ ਆਉਂਦੇ ਹਨ । ਹਰ ਆਦਮੀ ਦੇ ਦਿਲ 'ਤੇ ਆਤਮਕ-ਬਲ (ਸੰਤ ਬਲ) ਤੇ ਰਾਜ-ਬਲ ਦਾ ਥੋੜਾ ਬਹੁਤਾ ਅਸਰ ਹੈ । ਇਹ ਖ਼ਿਆਲ ਸਾਧਾਰਨ ਲੋਕਾਂ ਅੰਦਰ ਡੂੰਘਾ ਘਰ ਕਰ ਚੁਕਾ ਹੈ, ਕਿ ਰਾਜਾ ਤੇ ਸਾਧੂ ਦੋਵੇਂ ਪੂਜਣ ਯੋਗ ਹਨ । ਕਿਸੇ ਨਾ ਕਿਸੇ ਸ਼ਕਲ ਵਿਚ ਅਜੇ ਤਕ ਆਦਮੀ ਇਸ ਨੂੰ ਮੰਨਦਾ ਚਲਿਆ ਆ ਰਿਹਾ ਹੈ । ਜਿਸ ਵੇਲੇ ਦਾ ਜ਼ਿਕਰ ਅਸੀਂ ਕਰਨ ਲੱਗੇ ਹਾਂ, ਓਦੋਂ ਇਹ ਅਸਰ ਬਹੁਤ ਜ਼ੋਰਦਾਰ ਸੀ ।

ਪੰਜਵੇਂ ਗੁਰੂ ਤਕ ਕੇਵਲ ਸੰਤ ਪ੍ਰਭਾਵ (ਆਤਮਕ ਬਲ) ਤੋਂ ਕੰਮ ਲਿਆ ਗਿਆ । ਇਸ ਵੇਲੇ ਤਕ ਇਹ ਅਸਰ ਲੋਕਾਂ ਦੇ ਮਨਾਂ 'ਤੇ ਅਥਾਹ ਤੇ ਅਟੁੱਟ ਪੈ ਚੁੱਕਾ ਸੀ । ਗੁਰੂ ਦੇਵ ਜੀ ਦੀ ਸ਼ਹੀਦੀ ਨੇ ਇਹ ਅਸਰ ਏਨਾ ਗੂੜ੍ਹਾ ਕਰ ਦਿਤਾ, ਜਿਸ ਦੇ ਕਦੇ ਫਿੱਕਾ ਪੈਣ ਦੀ ਸੰਭਾਵਨਾ ਨਾ ਰਹੀ ।

ਪਰ ਉਸ ਵੇਲੇ ਤਕ ਦੂੱਜੇ ਪ੍ਰਭਾਵ ਦਾ ਮਾਲਕ ਅਜੇ ਇਕ ਹੋਰ ਘਰਾਣਾ ਹੈ ਸੀ : ਮੁਗ਼ਲ ਬਾਦਸ਼ਾਹ ! ਲੋਕ ਬੋਲੀ ਵਿਚ ਇਹ ਰਵਾਇਤ ਪ੍ਰਚਲਤ ਸੀ, ਕਿ ਬਾਬੇ ਕੇ (ਗੁਰੂ ਸਾਹਿਬ) ਤੇ ਬਾਬਰ ਕੇ (ਮੁਗ਼ਲ ਬਾਦਸ਼ਾਹ), ਦੋਵੇਂ ਸ਼ਕਤੀਵਾਨ ਤੇ ਮੰਨਣ ਯੋਗ ਹਨ । ਸਿੱਖਾਂ ਨੂੰ ਇਸ ਦੂਸਰੇ ਅਸਰ (ਰਾਜ ਪ੍ਰਭਾਵ) ਥੱਲਿਓਂ ਕਢਣਾ ਜ਼ਰੂਰੀ ਸੀ, ਜਿਸ ਤਰ੍ਹਾਂ ਉਹ ਪੂਰੀ ਤਰ੍ਹਾਂ ਸੁਤੰਤਰਤਾ ਨਾਲ ਸੋਚ ਸਕਣ । ਇਸ ਵਾਸਤੇ ਛੇਵੇਂ ਪਾਤਸ਼ਾਹ ਪੂਰੇ ਬਾਦਸ਼ਾਹੀ ਠਾਠ ਨਾਲ ਗੱਦੀ 'ਤੇ ਬੈਠੇ ।

ਬਾਦਸ਼ਾਹੀ ਸਿੰਘਾਸਣ ਨੂੰ 'ਤਖ਼ਤ' ਕਹਿੰਦੇ ਹਨ । ਗੁਰੂ ਹਰਿਗੋਬਿੰਦ ਸਾਹਿਬ ਨੇ 'ਹਰਿਮੰਦਰ' ਸਾਹਿਬ ਦੇ ਸਾਮ੍ਹਣੇ 'ਅਕਾਲ ਤਖ਼ਤ' ਦੀ ਰਚਨਾ ਕੀਤੀ । 'ਰਾਜ-ਬਲ' ਦੀ ਨਸ਼ਾਨੀ 'ਤਲਵਾਰ' ਮੰਨੀ ਗਈ ਹੈ । ਗੁਰੂ ਮਹਾਰਾਜ 'ਰਾਜ-ਪ੍ਰਭਾਵ' ਲੋਕਾਂ 'ਤੇ ਪਾਉਣਾ ਚਾਹੁੰਦੇ ਸਨ, ਪਰ ਪ੍ਰਾਪਤ ਹੋ ਚੁੱਕੇ 'ਆਤਮਕ ਪ੍ਰਭਾਵ' ਨੂੰ ਘਟਾਉਣਾ ਨਹੀਂ ਸਨ ਚਾਹੁੰਦੇ । ਸੋ ਹਜ਼ੂਰ ਨੇ ਦੋ ਤਲਵਾਰਾਂ ਧਾਰਨ ਕੀਤੀਆਂ : ਇਕ ਪੀਰੀ (ਆਤਮਕ ਪ੍ਰਭਾਵ) ਦੀ ਤੇ ਦੂਜੀ ਮੀਰੀ (ਰਾਜ ਪ੍ਰਭਾਵ) ਦੀ । ਏਸ ਤਰ੍ਹਾਂ ਸੰਤ-ਚਿੰਨ੍ਹ ਦੇ ਨਾਲ ਰਾਜ-ਚਿੰਨ੍ਹ ਵੀ ਸਿੱਖੀ ਵਿਚ ਆ ਗਿਆ । ਮੁਗ਼ਲ ਹੁਕਮਰਾਨ ਨੂੰ ਲੋਕ 'ਬਾਦਸ਼ਾਹ' ਕਹਿੰਦੇ ਸਨ । ਗੁਰੂ ਮਹਾਰਾਜ ਨੂੰ ਸਿੱਖ 'ਸੱਚਾ ਪਾਤਸ਼ਾਹ' ਆਖਣ ਲੱਗ ਪਏ । 'ਸੱਚਾ' ਵਿਸ਼ੇਸ਼ਣ ਦਾ ਅਰਥ ਹੈ, ਕਿ ਮੁਕਾਬਲੇ ਦਾ ਦੂੱਜਾ ਬਾਦਸ਼ਾਹ ਝੂਠਾ ਜਾਂ ਨੀਵਾਂ ਹੈ । ਮੁਗਲ ਬਾਦਸ਼ਾਹ ਤੇ ਦੇਸ ਦੇ ਹੋਰ ਰਾਜੇ ਮਹਾਰਾਜੇ ਸਿਰ 'ਤੇ ਕਲਗੀਆਂ ਲਾਇਆ ਕਰਦੇ ਸਨ । ਗੁਰੂ ਸਾਹਿਬ ਵੀ ਹੀਰਿਆਂ ਜੜੀ ਕਲਗ਼ੀ ਪਹਿਨਣ ਲੱਗੇ । ਸਿੱਖ ਉਹਨਾਂ ਨੂੰ ਕਲਗ਼ੀ ਵਾਲਾ ਕਹਿਣ ਲੱਗ ਪਏ । ਮੁਗਲ ਬਾਦਸ਼ਾਹਾਂ ਦਾ ਰਾਜਸੀ ਝੰਡਾ ਸੀ । ਛੇਵੇਂ ਗੁਰਦੇਵ ਨੇ ਅਕਾਲ ਤਖ਼ਤ ਦੇ ਸਾਮ੍ਹਣੇ ਦੋ ਝੰਡੇ (ਨਸ਼ਾਨ ਸਾਹਿਬ) ਖਲੇ ਕੀਤੇ : ਇਕ ਪੀਰੀ ਦਾ, ਇਕ ਮੀਰੀ ਦਾ । ਮੁਗਲਾਂ ਦੇ 'ਫ਼ੁਰਮਾਨ' ਚਲਦੇ ਸਨ । ਗੁਰਦੇਵ ਵੀ ਅਕਾਲ ਤਖ਼ਤ ਤੋਂ 'ਹੁਕਮਨਾਮੇ' ਲਿਖਣ ਲੱਗੇ । ਏਸ ਤਰ੍ਹਾਂ ਸੰਤ-ਪ੍ਰਭਾਵ ਦੇ ਨਾਲ ਰਾਜ-ਪ੍ਰਭਾਵ ਵੀ ਮਿਲ ਗਿਆ ਤੇ ਸਿੱਖੀ ਦਾ ਅਸਰ ਲੋਕਾਂ ਦੇ ਦਿਲਾਂ 'ਤੇ ਦੂਣਾ ਹੋ ਗਿਆ ।

ਹੁਣ ਇਨਸਾਨੀ ਤਖ਼ਤ ਦੀ ਥਾਂ 'ਅਕਾਲ ਤਖਤ', ਇਕ ਨਸ਼ਾਨ ਦੀ ਥਾਂ ਦੋ 'ਨਸ਼ਾਨ ਸਾਹਿਬ', ਤੇ ਬਾਦਸ਼ਾਹ ਦੀ ਥਾਂ 'ਸੱਚੇ ਪਾਤਸ਼ਾਹ' ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਸੰਗਤਾਂ ਨੂੰ ਦੀਦਾਰ ਦੇਂਦੇ । ਇਸ ਸੁਰਗੀ ਸ਼ਾਨ ਵੱਲ ਵੇਖ ਕੇ ਹਰ ਇਨਸਾਨ ਦਾ ਮਨ ਮੋਹਿਆ ਜਾਂਦਾ । ਤੱਕੋ, ਮੇਰੇ ਦਾਤੇ ਦੇ ਦਰਬਾਰ ਦੀ ਸ਼ੋਭਾ ।

ਮਿਰਜ਼ਾ

ਕਿਆ ਫੱਬਦਾ ਤਖ਼ਤ ਅਕਾਲ ਦਾ
ਜੀਹਦੀ ਸੁਰਗਾਂ ਵਰਗੀ ਸ਼ਾਨ
ਇਨਸਾਫ਼, ਨਿਡਰਤਾ, ਬੀਰਤਾ
ਜਿੱਥੇ ਆ ਆ ਸੀਸ ਝੁਕਾਨ
ਜਿੱਥੇ ਕਲਗ਼ੀ ਲਾ ਕੇ ਬੈਠਦੇ
ਮੇਰੇ ਛੇਵੇਂ ਸ਼ਾਹ ਸੁਲਤਾਨ
ਜਿੱਥੇ ਮੀਰੀ ਪੀਰੀ ਸ਼ਕਤੀਆਂ
ਦੋਹੀਂ ਢਾਕੀਂ ਸੋਭਾ ਪਾਣ
ਜਿੱਥੇ ਸੱਚ-ਖੰਡ ਦੇ ਦਰਬਾਰ ਜਿਉਂ
ਨਿੱਤ ਸਜਦੇ ਰਹਿਣ ਦੀਵਾਨ
ਭਾਈ ਭਗਤੂ, ਬਹਿਲੋ, ਸੂਰਮੇ
ਜੇਠੇ, ਬਿਧੀਏ ਜਹੇ ਬਲਵਾਨ
ਵਿਚ ਸੰਗਤ ਸੋਭਣ ਚੰਦ ਜਿਉਂ
ਗੁਰਦਾਸ ਜਿਹੇ ਵਿੱਦਵਾਨ
ਜਿਥੇ ਚਰਚਾ ਹੋਵੇ ਨਾਮ ਦੀ
ਅਤੇ ਸਿੱਖੀ 'ਤੇ ਵਿਖਿਆਨ

ਗੁਰੂ ਮਹਾਰਾਜ ਦਾ ਦਰਬਾਰ ਸੁਰਗਾਂ ਨੂੰ ਮਾਤ ਪਾ ਰਿਹਾ ਸੀ । ਛੇਵੇਂ ਪਾਤਸ਼ਾਹ ਨੇ ਸਿੱਖਾਂ ਨੂੰ ਸ਼ਾਂਤੀ ਦੇ ਨਾਲ ਸ਼ਕਤੀ ਵੀ ਬਖ਼ਸ਼ ਦਿੱਤੀ ਸੀ ।ਹੁਣ ਮਾਲਾ ਵਾਲਿਆਂ ਸੰਤਾਂ ਦੇ ਗਾਤਰੇ ਯੋਧਿਆਂ ਵਾਂਗ ਤਲਵਾਰਾਂ ਵੀ ਸੋਭਣ ਲੱਗ ਪਈਆਂ ਸਨ ।ਭਾਈ ਭਗਤੂ, ਬਹਿਲੋ, ਜੇਠਾ, ਬਿਧੀ ਚੰਦ ਆਦਿ ਮੁਖੀ ਸਿੱਖ ਜਰਨੈਲਾਂ ਵਾਂਗ ਸ਼ਸਤਰ ਸਜਾ ਕੇ ਦਰਬਾਰ ਵਿਚ ਬੈਠਦੇ ਸਨ ।ਸੰਤਾਂ ਨੂੰ ਸਿਪਾਹੀ ਬਣਾ ਕੇ ਗੁਰਦੇਵ ਨੇ ਸਿੱਖੀ ਨੂੰ ਨਵਾਂ ਉਤਸ਼ਾਹ ਭਰਿਆ ਜੀਵਨ ਬਖ਼ਸ਼ਿਆ ਸੀ ।

ਇਕ ਦਿਨ ਗੁਰੂ ਮਹਾਰਾਜ ਦੇ ਕੋਲ ਭਾਈ ਭਗਤੂ, ਬਹਿਲੋ, ਜੇਠਾ, ਬਿਧੀ ਚੰਦ, ਭਾਈ ਗੁਰਦਾਸ, ਆਦਿ ਕੁਛ ਚੋਣਵੇਂ ਸਿੱਖ ਬੈਠੇ ਸਨ । ਸਿੱਖੀ ਸਿਧਾਂਤ ਬਾਰੇ ਚਰਚਾ ਹੋ ਰਹੀ ਸੀ ।ਵਿਚੋਂ ਕਿਸੇ ਸਿੱਖ ਨੇ ਕਿਹਾ 'ਸਿੱਖੀ ਪਰਖ ਦੀ ਕਸੌਟੀ ਸਹਿਣੀ ਬੜੀ ਔਖੀ ਹੈ ।' ਇਕ ਹੋਰ ਨੇ ਕੋਲੋਂ ਹਾਮੀ ਭਰੀ, 'ਹਾਂ, ਸਿੱਖੀ ਸਿਦਕ ਨਿਭਾਉਣਾ ਬਹੁਤ ਕਠਨ ਹੈ ।' ਇਹ ਸੁਣ ਕੇ ਭਾਈ ਗੁਰਦਾਸ ਜੀ ਨੇ ਕੋਲੋਂ ਆਪਣੀ ਰਚਨਾ ਦੀ ਇਕ ਪਉੜੀ ਪੜ੍ਹੀ ।

"ਜੇ ਮਾਂ ਹੋਵੇ ਯਾਰਨੀ ਕਿਉਂ ਪੁੱਤ ਪਤਾਰੇ
ਗਾਈਂ ਮਾਣਕ ਨਿਗਲਿਆ ਪੇਟ ਪਾੜ ਨ ਮਾਰੇ
ਜੇ ਪਿਰ ਬਹੁ ਘਰ ਹੰਢਣਾ ਸਤ ਰਖੈ ਨਾਰੇ
ਅਮਰ ਚਲਾਵੇ ਚੰਮ ਦੇ ਚਾਕਰ ਵਿਚਾਰੇ
ਜੇ ਮਦ ਪੀਤਾ ਬਾਹਮਣੀ ਲੋਇ ਲੁਝਣ ਸਾਰੇ
ਜੇ ਗੁਰ ਸਾਂਗ ਵਰਤਦਾ ਸਿੱਖ ਸਿਦਕ ਨ ਹਾਰੇ"

(ਭਾਈ ਗੁਰਦਾਸ, ਵਾਰ ੩੫, ਪਉੜੀ ੨੦)

ਗੁਰੂ ਮਹਾਰਾਜ ਕੋਲ ਬੈਠੇ ਸੁਣ ਰਹੇ ਸਨ । ਜਿਸ ਮੌਕੇ ਤੇ ਢੰਗ ਨਾਲ ਭਾਈ ਗੁਰਦਾਸ ਜੀ ਨੇ ਇਹ ਪਉੜੀ ਉਚਾਰੀ; ਹਜ਼ੂਰ ਦਾ ਧਿਆਨ ਵਧੇਰੇ ਉਸ ਪਾਸੇ ਖਿਚਿਆ ਗਿਆ । ਗੁਰਦੇਵ ਸੋਚਣ ਲੱਗੇ, 'ਭਾਈ ਗੁਰਦਾਸ ਜੀ ਬੜੇ ਵਿੱਦਵਾਨ ਗੁਰੂ-ਘਰ ਦੇ ਭਰੋਸੇ ਯੋਗ ਸਿੱਖ ਹਨ । ਇਹਨਾਂ ਨੂੰ ਆਪਣੀ ਸਿੱਖੀ ਉਤੇ ਬਹੁਤ ਮਾਣ ਹੈ । ਪਰ ਇਸ ਵੇਲੇ ਇਹ ਮਾਣ, ਹੰਕਾਰ ਦਾ ਰੂਪ ਧਾਰ ਬੈਠਾ ਹੈ । ਆਦਮੀ ਅੰਦਰ ਹਉਮੈ ਆ ਜਾਏ, ਤਾਂ ਉਹ ਬੜੀ ਨਾਸਕਾਰੀ ਹੁੰਦੀ ਹੈ । ਹਉਮੈਂ ਕਾਰਨ ਸਿਦਕ, ਪ੍ਰਭਤਾ ਤੇ ਗੁਣ ਘਟ ਜਾਂਦੇ ਹਨ । ਭਾਵੇਂ ਕੋਈ ਕਿੱਡਾ ਵੀ ਤਾਰੂ ਹੋਵੇ, ਹਉਮੈ ਦੇ ਭੰਵਰ ਵਿਚ ਪਿਆ, ਕਿਸੇ ਵੇਲੇ ਰਸਾਤਲ ਪਹੁੰਚ ਜਾਂਦਾ ਹੈ । ਭਾਈ ਸਾਹਿਬ ਨੂੰ ਇਸ ਬੀਮਾਰੀ ਤੋਂ ਬਚਾਣਾ ਚਾਹੀਦਾ ਹੈ ਅਜੇ ਇਹ ਰੋਗ ਆਰੰਭਕ ਹਾਲਤ ਵਿਚ ਹੈ, ਪਰ ਕਿਸੇ ਦਿਨ ਇਹ ਮਾਰੂ ਤੇ ਅਸਾਧ ਵੀ ਹੋ ਸਕਦਾ ਹੈ । ਇਸ ਦਾ ਇਲਾਜ ਸਾਨੂੰ ਛੇਤੀ ਕਰਨਾ ਚਾਹੀਦਾ ਹੈ ।'

ਮਹਾਰਾਜ ਨੇ ਇਹ ਵਿਚਾਰ ਦਿਲ ਵਿਚ ਹੀ ਰੱਖੇ । ਸਮਾਂ ਬੀਤਦਾ ਗਿਆ । ਇਕ ਦਿਨ ਹਜ਼ੂਰ ਨੇ ਭਾਈ ਗੁਰਦਾਸ ਨੂੰ ਕੋਲ ਬੁਲਾੱ ਕੇ ਇਉਂ ਫ਼ੁਰਮਾਇਆ ।

ਬੈਂਤ

ਇਕ ਦਿਨ ਸਤਿਗੁਰਾਂ ਕਿਹਾ ਗੁਰਦਾਸ ਤਾਈਂ
ਕਾਬਲ ਤੱਕ 'ਕੋਰਾਂ ਆਪ ਜਾਈਏ ਜੀ
ਕੰਮ ਹੈ ਔਖਾ, ਐਪਰ ਆਪ ਬਾਝੋਂ
ਦਸੋ, ਹੋਰ ਕੀਹਦੇ ਜ਼ੁੰਮੇ ਲਾਈਏ ਜੀ
ਕਿਹੜਾ ਹੋਰ ਵਿਸ਼ਵਾਸੀ ਹੈ ਤੁਸਾਂ ਵਰਗਾ
ਏਨੀ ਰਕਮ ਜੀਹਦੇ ਪੱਲੇ ਪਾਈਏ ਜੀ

ਸੇਵਾ ਸਮਝ ਕੇ ਆਪ ਇਹ ਗੁਰੂ ਘਰ ਦੀ
ਸੱਚੇ ਸਿਦਕ ਦੇ ਨਾਲ ਨਿਭਾਈਏਂ ਏ ਜੀ
ਘੋੜੇ ਦੋ ਖ਼ਰੀਦਣੇ ਬਹੁਤ ਸੁੰਦਰ
ਜਿੰਨਾ ਸਮਝ ਆਵੇ, ਮੁੱਲ ਲਾਈਏ ਜੀ
ਪਹਿਲਾਂ ਭੇਜ ਦੇਣੇ ਘੋੜੇ ਕੋਲ ਸਾਡੇ
ਆਪ ਪਰਖੀਏ ਹੋਰਾਂ ਵਿਖਾਈਏ ਜੀ
ਜੇਕਰ ਆਏ ਪਸੰਦ, ਤਾਂ ਲਿਖ ਦਿਆਂਗੇ
ਰਕਮ ਤਾਰ ਛੇਤੀ ਵਾਪਸ ਆਈਏ ਜੀ
ਜਿੰਨਾਂ ਤੁਸਾਂ 'ਤੇ ਮਾਣ ਹੈ ਗੁਰੂ ਘਰ ਨੂੰ
ਦੂਣਾ ਏਸ ਨੂੰ ਹੋਰ ਵਧਾਈਏ ਜੀ

ਗੁਰਦੇਵ ਨੇ ਆਦਰ ਨਾਲ ਕਿਹਾ, "ਭਾਈ ਸਾਹਿਬ ਜੀ ! ਆਪ ਗੁਰੂ ਘਰ ਦੇ ਬਹੁਤ ਭਰੋਸੇ ਯੋਗ ਸਿੱਖ ਹੋ । ਸਿੱਖ ਸੰਗਤਾਂ ਵਿਚ ਆਪ ਜੀ ਨੂੰ ਸਭ ਤੋਂ ਵਧੇਰੇ ਆਦਰ ਮਾਣ ਪ੍ਰਾਪਤ ਹੈ ।ਆਪ ਭਾਵੇਂ ਬਿਰਧ ਹੋ ਗਏ ਹੋ । ਤੁਹਾਨੂੰ ਕਿਸੇ ਕਿਸਮ ਦਾ ਕਸ਼ਟ ਦੇਣ ਦੀ ਸਾਡੀ ਇਛਿਆ ਨਹੀਂ ਸੀ । ਪਰ ਫਿਰ ਵੀ ਕੁਛ ਕਾਰਜ ਅਜੇਹੇ ਹੁੰਦੇ ਹਨ, ਜੋ ਹਰ ਇਕ ਨੂੰ ਨਹੀਂ ਸੌਂਪੇ ਜਾ ਸਕਦੇ । ਅਸੀਂ ਕਾਬਲ ਵਿਚੋਂ ਦੋ ਵਧੀਆ ਘੋੜੇ ਮੰਗਵਾਉਣੇ ਚਾਹੁੰਦੇ ਹਾਂ । ਪੰਜ ਖੱਚਰਾਂ ਧਨ ਦੀਆਂ ਲੱਦ ਏਥੋਂ ਭੇਜਾਂਗੇ । ਤੁਹਾਡੇ ਬਿਨਾਂ ਹੋਰ ਕੋਈ ਦੂਸਰਾ ਨਜ਼ਰ ਨਹੀਂ ਆਉਂਦਾ, ਜਿਸ ਨੂੰ ਏਡੀ ਵੱਡੀ ਜ਼ੁੰਮੇਵਾਰੀ ਸੌਂਪ ਕੇ ਤੋਰੀਏ । ਆਖ਼ਰ ਲੱਖਾਂ ਰੁਪੈ ਦੀ ਰਕਮ ਕਿਸੇ ਪਰਖੇ ਹੋਏ ਇਤਬਾਰੀ ਦੇ ਹੀ ਹਵਾਲੇ ਕੀਤੀ ਜਾ ਸਕਦੀ ਹੈ । ਲੰਮਾ ਪੈਂਡਾ, ਸਫ਼ਰ ਦੀਆਂ ਅਨੇਕਾਂ ਔਖਆਈਆਂ ਸਾਮ੍ਹਣੇ ਹਨ । ਪਰ ਸਾਨੂੰ ਭਰੋਸਾ ਹੈ, ਕਿ ਆਪ ਗੁਰੂ-ਘਰ ਦੀ ਨਿਸ਼ਕਾਮ ਸੇਵਾ ਸਮਝ ਕੇ ਇਹ ਕਾਰਜ ਕਰੋਗੇ ।"

ਭਾਈ ਗੁਰਦਾਸ ਜੀ ਨੇ ਸ਼ਰਧਾ ਨਾਲ ਸਿਰ ਝੁਕਾੱ ਕੇ ਕਿਹਾ, "ਮਹਾਰਾਜ ! ਸੇਵਕ ਦੇ ਧੰਨ ਭਾਗ, ਜੋ ਹਜ਼ੂਰ ਨੇ ਦਾਸ ਨੂੰ ਇਸ ਯੋਗ ਸਮਝ ਕੇ, ਇਹ ਸੇਵਾ ਬਖ਼ਸ਼ੀ ਹੈ । ਸੱਚੇ ਪਾਤਸ਼ਾਹ ਦੀ ਆਗਿਆ ਪਾਲਣ ਵਿਚ ਮੈਂ ਆਪਣਾ ਜਨਮ ਸਫਲਾ ਸਮਝਾਂਗਾ । ਜਦ ਹੁਕਮ ਹੋਵੇ, ਸੇਵਕ ਰਵਾਨਾ ਹੋ ਜਾਏ ।"

ਮਹਾਰਾਜ ਨੇ ਓਸੇ ਗੰਭੀਰਤਾ ਨਾਲ ਫਿਰ ਕਿਹਾ, "ਸਭ ਕੁਛ ਤਿਆਰ ਹੈ । ਧੰਨ ਦੇ ਭਾਰ ਬੱਧੇ ਪਏ ਹਨ । ਨਾਲ ਜਾਣ ਵਾਲੇ ਸੇਵਾਦਾਰ ਵੀ ਤਿਆਰ ਹਨ । ਸਾਡੀ ਇਛਿਆ ਹੈ, ਆਪ ਭਲਕੇ ਹੀ ਰਵਾਨਾ ਹੋ ਜਾਓ । ਹਾਂ, ਇਕ

ਹੋਰ ਆੱਗਿਆ ਹੈ ।ਘੋੜੇ ਕਾਬਲ ਵਿਚੋਂ ਵਧੀਆ ਭਾਲਣੇ ।ਮਾਇਆ ਦੀ ਪਰਵਾਹ ਨਹੀਂ ਕਰਨੀ।ਸੌਦਾਗਰ ਨਾਲ ਮੁੱਲ ਦਾ ਫ਼ੈਸਲਾ ਕਰ ਕੇ ਘੋੜੇ ਸਾਡੇ ਕੋਲ ਭੇਜ ਦੇਣੇ ।ਸਾਡੇ ਪਸੰਦ ਆ ਗਏ, ਤਾਂ ਅਸੀਂ ਲਿਖ ਭੇਜਾਂਗੇ ।ਫਿਰ ਰਕਮ ਤਾਰਨੀ। ਜੇ ਪਸੰਦ ਨਾ ਆਏ, ਤਾਂ ਅਸੀਂ ਘੋੜੇ ਵਾਪਸ ਭੇਜ ਦਿਆਂਗੇ ।ਇਹ ਹੁਕਮ ਚੇਤੇ ਰਖਣਾ ਹੈ ।"

"ਸੱਤ ਬਚਨ, ਮਹਾਰਾਜ! ਜੋ ਆੱਗਿਆ।" ਭਾਈ ਗੁਰਦਾਸ ਜੀ ਨੇ ਇਕ ਵਾਰ ਫਿਰ ਸਿਰ ਝੁਕਾਇਆ ।

ਅਗਲੇ ਦਿਨ ਬਹੁਤ ਸਾਰੇ ਸੇਵਾਦਾਰਾਂ ਨਾਲ, ਪੰਜ ਖੱਚਰਾਂ ਮੋਹਰਾਂ ਦੀਆਂ ਲੈ ਕੇ ਭਾਈ ਗੁਰਦਾਸ ਜੀ ਕਾਬਲ ਨੂੰ ਤੁਰ ਪਏ ।ਉਹ ਦਿਲ ਵਿਚ ਇਉਂ ਸੋਚਦੇ ਜਾਂਦੇ ।

ਕਲੀ

ਤੁਰਿਆ ਜਾਂਦਾ ਭਾਈ ਦਿਲ ਵਿਚ ਸੋਚਾਂ ਸੋਚਦਾ
ਹੋਣਾ ਹੋਰ ਨਹੀਂ ਸਿੱਖ ਮੇਰੇ ਜਿਹਾ ਇਤਬਾਰੀ
ਚੁਣਿਆਂ ਸਭਨਾਂ ਵਿਚੋਂ ਮੈਨੂੰ ਹੀ ਮਹਾਰਾਜ ਨੇ
ਨਹੀਂ ਤਾਂ ਹੋਰ ਵੀ ਹੈਸੀ ਬੈਠੀ ਸੰਗਤ ਸਾਰੀ
ਸਾਰੇ ਸਿਦਕੀ ਵੀ ਤਾਂ ਇਕੋ ਜਿਹੇ ਨਹੀਂ ਹੋਵੰਦੇ
ਜਾਂਦੀ ਹਰ ਇਕ ਨੂੰ ਨਹੀਂ ਸੌਂਪੀ ਜ਼ੁੰਮੇਦਾਰੀ
ਖੱਚਰਾਂ ਪੰਜ ਮੋਹਰਾਂ ਦੀਆਂ ਭਰੀਆਂ ਮੈਨੂੰ ਸੌਂਪੀਆਂ
ਦੇਂਦਾ ਕੌਣ ਕਿਸੇ ਨੂੰ ਰਕਮ ਏਤਨੀ ਭਾਰੀ
ਅੰਤਰਜਾਮੀ ਸਤਿਗੁਰ ਸਭ ਦੇ ਦਿਲ ਦੀ ਜਾਣਦੇ
ਕਿਹੜਾ ਸਿੱਖ ਭਰੋਸੇ ਕਿਤਨੇ ਦਾ ਅਧਿਕਾਰੀ
ਸਿੱਖ ਵੀ ਏਨਾ ਪੱਕਾ ਸਿਦਕੀ ਹੋਣਾ ਚਾਹੀਦਾ
ਆਪਣੇ ਧਰਮ 'ਚ ਪੱਕੀ ਪਤੀ-ਬਰਤ ਜਿਉਂ ਨਾਰੀ
ਸਿਦਕ ਅਸਾਡੇ ਦੀ ਵੀ ਚਰਚਾ ਇਕ ਦਿਨ ਹੋਇਗੀ
ਜਿੱਥੇ ਬੈਠਣਗੇ ਮਿਲ ਦੋ ਇਤਿਹਾਸ ਲਿਖਾਰੀ
'ਸੀਤਲ' ਦਾਨੇ ਵੀ ਭੁੱਲ ਜਾਂਦੇ ਏਥੇ ਪਹੁੰਚ ਕੇ
ਮਿੱਠੇ ਨਸ਼ੇ ਵਾਂਗ ਹੈ ਹਉਮੈ ਦੀ ਬੀਮਾਰੀ

ਜਿਉਂ ਜਿਉਂ ਸੋਚਾਂ ਅੰਦਰ ਚੱਕਰ ਲਾਉਂਦੀਆਂ, ਹੰਕਾਰ ਦਾ ਨਸ਼ਾ ਵਧੇਰੇ ਹੁੰਦਾ ਜਾਂਦਾ। ਭਾਈ ਗੁਰਦਾਸ ਵਰਗਾ ਵਿੱਦਵਾਨ ਤੇ ਸਿਦਕਵਾਨ ਸਿੱਖ ਵੀ ਸ਼ੈਤਾਨ ਦੇ ਢਹੇ ਚੜ੍ਹ ਗਿਆ। ਹਿੰਦੂ ਧਰਮ ਇਸ ਔਗੁਣ ਨੂੰ 'ਮਾਇਆ' ਕਹਿੰਦਾ ਹੈ। ਇਸਲਾਮ ਨੇ ਇਸ ਦਾ ਨਾਮ 'ਸ਼ੈਤਾਨ' ਰਖਿਆ ਹੈ। ਸਿੱਖੀ ਇਸ ਨੂੰ 'ਹਉਮੈ' ਦਸਦੀ ਹੈ। ਹੈ ਤਾਂ ਇਕੋ ਚੀਜ। ਭਾਈ ਸਾਹਿਬ ਵੀ ਇਸ ਹਉਮੈ ਦੇ ਕਾਬੂ ਆ ਗਏ।

ਮਜਲਾਂ ਮਾਰਦੇ, ਭਾਈ ਸਾਹਿਬ ਸਣੇ ਜਥੇ ਦੇਂ ਕਾਬਲ ਜਾ ਪਹੁੰਚੇ। ਸ਼ਹਿਰ ਤੋਂ ਬਾਹਰ ਇਕ ਖੁੱਲ੍ਹੇ ਮੈਦਾਨ ਵਿਚ ਡੇਰਾ ਲਾ ਦਿਤਾ।

ਕਬਿੱਤ

ਭਾਈ ਗੁਰਦਾਸ ਜੀ ਨੇ ਪੂਰੇ ਸ਼ਾਹੀ ਠਾਠ ਵਿਚ
ਕਾਬਲ ਦੇ ਬਾਹਰ ਡੇਰਾ ਇਕ ਪਾਸੇ ਲਾਇਆ ਜੀ
ਉੱਘੇ ਉੱਘੇ ਸੱਦ ਕੇ ਸੌਦਾਗਰ ਇਲਾਕੇ ਵਿਚੋਂ
'ਸੱਚੇ ਪਾਤਸ਼ਾਹ' ਦਾ ਇਉਂ ਹੁਕਮ ਸੁਣਾਇਆ ਜੀ
ਚਾਹੀਦੇ ਨੇ ਘੋੜੇ ਦੋ ਅਨੋਖੇ ਸੰਸਾਰ ਵਿਚੋਂ
ਜਿੰਨ੍ਹਾਂ ਦੀ ਮਸਾਲ ਨਾ ਨਜ਼ਰ ਹੋਰ ਆਇਆ ਜੀ
ਆਏ ਜੇ ਪਸੰਦ ਸੱਚੇ ਪਾਤਸ਼ਾਹ ਦੇ 'ਸੀਤਲ' ਜੀ
ਮੰਗੋਗੇ ਜੋ ਮੂੰਹੋਂ ਮਿਲ ਜਾਊ ਸੋਈ ਮਾਇਆ ਜੀ

ਅੱਜ ਤਾਂ ਕਾਰਾਂ ਤੇ ਹਵਾਈ ਜਹਾਜ਼ ਬਣ ਗਏ ਹਨ, ਪਰ ਓਦੋਂ ਅਸਵਾਰੀ ਦਾ ਸਭ ਤੋਂ ਵਧੀਆ ਵਸੀਲਾ ਘੋੜਾ ਹੀ ਸੀ। ਏਹਾ ਕਾਰਨ ਸੀ, ਕਿ ਉਸ ਜ਼ਮਾਨੇ ਵਿਚ ਦੁਰਲਭ ਤੇ ਬੇ-ਮਿਸਾਲ ਘੋੜੇ ਦਾ ਮੁੱਲ ਬਹੁਤ ਚੜ੍ਹ ਜਾਂਦਾ ਸੀ। ਓਦੋਂ ਵਧੀਆ ਘੋੜਾ ਸ਼ਾਨ ਦਾ ਪ੍ਰਗਟਾਵਾ ਤੇ ਜਾਨ ਦਾ ਰਖਵਾਲਾ ਮੰਨਿਆ ਜਾਂਦਾ ਸੀ। ਘੋੜਿਆਂ ਦਾ ਬਪਾਰ ਉਸ ਸਮੇਂ ਲਾਭਦਾਇਕ ਤੇ ਆਦਰ ਵਾਲਾ ਸਮਝਿਆ ਜਾਂਦਾ ਸੀ। ਗੁਰੂ ਅਰਜਨ ਦੇਵ ਜੀ ਬੜੇ ਖੁੱਲ੍ਹੇ ਪੈਮਾਨੇ 'ਤੇ ਘੋੜਿਆਂ ਦਾ ਬਪਾਰ ਕਰਦੇ ਕਰਾਉਂਦੇ ਸਨ। ਨਫ਼ੇ ਦੀ ਰਕਮ ਸਾਂਝੀ ਸਿੱਖੀ-ਗੋਲਕ ਵਿਚ ਪਾਈ ਜਾਂਦੀ ਸੀ।

ਪੱਛਮ ਵਾਲੇ ਪਾਸੇ ਕਾਬਲ ਘੋੜਿਆਂ ਦੀ ਬਹੁਤ ਵੱਡੀ ਮੰਡੀ ਸੀ।

ਭਾਰਤ ਦੇ ਬਪਾਰੀਆਂ ਵਿਚੋਂ ਓਥੇ ਸਿੱਖ ਚੰਗੇ ਪ੍ਰਸਿੱਧ ਸਨ ।ਭਾਈ ਗੁਰਦਾਸ ਜੀ ਦਾ ਡੇਰਾ ਵੇਖ ਕੇ ਸਾਰੇ ਕਾਬਲ ਵਿਚ ਖ਼ਬਰ ਫ਼ੈਲ ਗਈ, ਕਿ ਗੁਰੂ ਸਾਹਿਬ ਦੇ ਸਿੱਖ ਬਪਾਰੀ ਆਏ ਹਨ ।ਸਾਰੇ ਸ਼ਹਿਰ ਦੇ ਬਪਾਰੀ ਆ ਕੱਠੇ ਹੋਏ ।ਭਾਈ ਗੁਰਦਾਸ ਜੀ ਸਭ ਨੂੰ ਆਦਰ ਸਤਕਾਰ ਨਾਲ ਮਿਲੇ ।ਸਭ ਦੀ ਜਲ ਪਾਣੀ ਦੀ ਸੇਵਾ ਕੀਤੀ ਗਈ ।ਰਾਜ਼ੀ ਖ਼ੁਸ਼ੀ ਦੀਆਂ ਗੱਲਾਂ ਬਾਤਾਂ ਤੋਂ ਵਿਹਲੇ ਹੋ ਕੇ, ਭਾਈ ਸਾਹਿਬ ਨੇ ਗੁਰੂ ਸਾਹਿਬ ਦਾ ਹੁਕਮ ਸੁਣਾਇਆ ।ਸਭ ਬਪਾਰੀਆਂ ਨੇ ਦੁਨੀਆਂ ਭਰ ਵਿਚੋਂ ਬੇ-ਮਿਸਾਲ ਜੋੜੀ ਭਾਲ ਕੇ ਦੇਣ ਦਾ ਇਕਰਾਰ ਕੀਤਾ ।ਦੂਰ ਦੁਰਾਡੇ ਇਲਾਕੇ ਦੇ ਵੀ ਕੁਛ ਪ੍ਰਸਿਧ ਬਪਾਰੀਆਂ ਨੂੰ ਖ਼ਬਰਾਂ ਭੇਜੀਆਂ ਗਈਆਂ ।

ਦਿਨਾਂ ਵਿਚ ਹੀ ਬਪਾਰੀਆਂ ਨੇ ਕਈ ਘੋੜੇ ਸਾਹਿਬ ਦੇ ਪੇਸ਼ ਕੀਤੇ । ਸਿੱਖਾਂ ਨੇ ਉਹਨਾਂ ਵਿਚੋਂ ਵਧੀਆ ਦੋ ਪਸੰਦ ਕੀਤੇ ।ਦੋਹਾਂ ਘੋੜਿਆਂ ਦਾ ਪੰਜਾਹ ਹਜ਼ਾਰ ਮੁੱਲ ਚੁਕਿਆ ।ਭਾਈ ਸਾਹਿਬ ਨੇ ਸ਼ਰਤ ਕੀਤੀ, "ਘੋੜੇ ਅੰਮ੍ਰਿਤਸਰ ਭੇਜੇ ਜਾਣਗੇ ।ਸੱਚੇ ਪਾਤਸ਼ਾਹ ਦੇ ਪਸੰਦ ਆ ਗਏ, ਤਾਂ ਹਜ਼ੂਰ ਦੀ ਮਨਜ਼ੂਰੀ ਆਉਣ 'ਤੇ ਰਕਮ ਤਾਰੀ ਜਾਏਗੀ ।ਨਹੀਂ ਤਾਂ ਘੋੜੇ ਵਾਪਸ ਕਰ ਦਿਤੇ ਜਾਣਗੇ"। ਅੱਗੇ ਗੁਰੂ ਸਾਹਿਬ ਦੇ ਨਾਮ ਉਤੇ ਸਿੱਖ ਬਪਾਰੀ ਕਾਬਲ ਵਿਚ ਲੱਖਾਂ ਰੁਪੈ ਦਾ ਘੋੜਿਆਂ ਦਾ ਬਪਾਰ ਕਰਦੇ ਸਨ ।ਤੇ ਸਿੱਖ ਵਿਹਾਰ ਦਾ ਖਰਾ ਤੇ ਬਚਨ ਦਾ ਪੂਰਾ ਸਮਝਿਆ ਜਾਂਦਾ ਸੀ । ਸੋ ਕਾਬਲ ਦੇ ਬਪਾਰੀਆਂ ਨੇ ਭਾਈ ਸਾਹਿਬ ਦੀ ਇਹ ਸ਼ਰਤ ਮੰਨ ਲਈ ।ਘੋੜੇ ਅੰਮ੍ਰਿਤਸਰ ਭੇਜ ਦਿਤੇ ਗਏ ।

ਘੋੜੇ ਅੰਮ੍ਰਿਤਸਰ ਪਹੁੰਚੇ, ਜੋ ਸੰਗਤ ਨੇ ਬਹੁਤ ਪਸੰਦ ਕੀਤੇ ।

ਸਾਕਾ

ਘੋੜੇ ਸੁੰਦਰ ਬਹੁਤ ਸੀ, ਕੀ ਸਿਫ਼ਤ ਸੁਣਾਵਾਂ
ਰੰਗ ਸੁਨਹਿਰੀ ਲਿਸ਼ਕਦੇ ਵਿਚ ਧੁੱਪਾਂ ਛਾਂਵਾਂ
ਸੁੱਕੇ ਪੈਰੀਂ ਲੰਘਦੇ ਵਗਦੇ ਦਰਿਆਵਾਂ
ਉੱਡਣ ਬਾਝੋਂ ਪਰਾਂ ਦੇ ਉਹ ਚੀਰ ਹਵਾਵਾਂ
ਦਰਸ਼ਕ ਮੋਹੇ ਜਾਣ ਪਏ ਤਕ ਅਜਬ ਅਦਾਵਾਂ
ਖ਼ੁਸ਼ ਹੋਏ ਮਹਾਰਾਜ ਵੀ, ਸੰਗਤ ਵਿਚ ਚਾਵਾਂ

---

* ਸੂਰਜ ਪ੍ਰਕਾਸ਼, ਰਾਸ ਸੱਤਵੀਂ, ਅੰਸੂ ਦੂਜਾ ।
ਮੈਕਾਲਿਫ਼, ਪੰਜਾਬੀ ਤਰਜਮਾ, ਜਿਲਦ ਤਿਜੀ, ਪੰਨਾ ੧੪੮ ।

ਘੋੜਿਆਂ ਦੀ ਜੋੜੀ ਇਕੋ ਹੁਲੀਏ ਦੀ ਸੀ ।ਮਾਨੋ ਅਨੋਖੇ ਬੁੱਤ-ਘਾੜੇ ਨੇ ਇਕੋ ਜਿਹੇ ਦੋ ਸਡੌਲ ਬੁੱਤ ਬਣਾ ਕੇ ਵਿਚ ਜਾਨ ਪਾ ਦਿਤੀ ਹੋਵੇ ।ਧੁੱਪ ਵਿਚ ਘੋੜਿਆਂ ਦੇ ਬਰੀਕ ਰੋਮ. ਸੁਨਹਿਰੀ ਤਾਰਾਂ ਵਾਂਗ ਚਮਕਦੇ ਸਨ ।ਹਰ ਪਾਰਖੂ ਦਾ ਵੇਖ ਕੇ ਮਨ ਮੋਹਿਆ ਜਾਂਦਾ ਸੀ । ਸੰਗਤਾਂ ਖੁਸ਼ੀ ਵਿਚ ਮਿਉਂਦੀਆਂ ਨਹੀਂ ਸਨ ।ਸਭ ਸੱਜਣ ਭਾਈ ਗੁਰਦਾਸ ਦੀ ਚੋਣ ਦੀ ਸ਼ਲਾਘਾ ਕਰ ਹਰੇ ਸਨ ।ਗੁਰੂ ਮਹਾਰਾਜ ਵੀ ਵੇਖ ਕੇ ਬਹੁਤ ਪਰਸਨ ਹੋਏ ।ਮੁਖੀ ਸਿੱਖਾਂ ਦੀ ਸਲਾਹ ਨਾਲ ਹਜ਼ੂਰ ਨੇ ਭਾਈ ਗੁਰਦਾਸ ਨੂੰ ਹੁਕਮ ਨਾਮਾ ਲਿਖ ਭੇਜਿਆ, 'ਘੋੜੇ ਪਸੰਦ ਹਨ ।ਮੁੱਲ ਤਾਰ ਦਿਤਾ ਜਾਵੇ ।ਵਧੀ ਰਕਮ ਲੈ ਕੇ ਛੇਤੀ ਪਰਤ ਆਵੋ ।'

ਹੁਕਮਨਾਮਾ ਲੈ ਕੇ ਸਿੱਖ ਕਾਬਲ ਜਾ ਪਹੁੰਚੇ ।ਹੁਕਮਨਾਮਾ ਪੜ੍ਹ ਕੇ ਭਾਈ ਗੁਰਦਾਸ ਖੁਸ਼ੀ ਵਿਚ ਫੁੱਲੇ ਨਾ ਸਮਾਏ ।ਓਸੇ ਵੇਲੇ ਸੇਵਾਦਰ ਭੇਜ ਕੇ ਭਾਈ ਸਾਹਿਬ ਨੇ ਘੋੜਿਆਂ ਵਾਲੇ ਸੌਦਾਗਰ ਨੂੰ ਬੁਲਾੱ ਲਿਆ ।

ਮਿਰਜ਼ਾ

ਹੁਕਮ ਸੱਚੀ ਸਰਕਾਰ ਦਾ, ਕਾਬਲ ਪਹੁੰਚਾ ਆ
ਘੋੜੇ ਬਹੁਤ ਪਸੰਦ ਨੇ, ਕੀਮਤ ਦਿਹੋ ਚੁਕੱਾ
ਖੁਸ਼ ਹੋਏ ਗੁਰਦਾਸ ਜੀ, ਮਨ ਨਾ ਮੇਵੇਂ ਚੱਾ
ਸੱਦ ਸੌਦਾਗਰ ਲਿਓ ਨੇ, ਸੇਵਾਦਾਰ ਭਜੱਾ
ਹੁਕਮ ਸੁਣਾਇਆ ਗੁਰਾਂ ਦਾ, ਆਦਰ ਨਾਲ ਬਿਠੱਾ
ਖੋਲ੍ਹਣ ਲੱਗੇ ਪੇਟੀਆਂ, ਫਿਰ ਤੰਬੂ ਵਿਚ ਜਾ
ਵੇਖਦਿਆਂ ਗੁਰਦਾਸ ਦੇ, ਗਈ ਹੈਰਾਨੀ ਛਾ
ਮੋਹਰਾਂ ਦੇ ਥਾਂ ਠੀਕਰੇ, ਮੂੰਹ ਤਕ ਭਰੇ ਬਣੱਾ
ਦਸੇ ਪੇਟੀਆਂ ਵੇਖੀਆਂ, ਧਰਤੀ 'ਤੇ ਉਲਟੱਾ
ਦੰਗ ਰਹਿ ਗਏ ਗੁਰਦਾਸ ਜੀ, ਅਕਲ ਗਈ ਚਕਰੱਾ
ਸੋਚਣ ਲਗੇ ਬਣੇ ਕੀ ? ਬਚੀਏ ਕਿਸ ਉਪੱਾ ?
ਮਾਣ ਸੀ ਜਿਹੜੇ ਸਿਦਕ ਦਾ, ਪਲ ਵਿਚ ਡੋਲ ਗਿਐੱ
ਪਿੱਛੋਂ ਤੰਬੂ ਪਾੜ ਕੇ, ਨਿਕਲੇ ਜਾਨ ਬਚੱਾ
ਤੁਰ ਪਏ ਕਾਂਸ਼ੀ ਵੱਲ ਉਹ, ਭਗਵਾ ਵੇਸ ਵਟੱਾ

ਸ਼ਾਮ ਪੈਣ ਵਾਲੀ ਸੀ, ਜਾਂ ਮਹਾਰਾਜ ਦਾ ਹੁਕਮ ਭਾਈ ਸਾਹਿਬ ਨੂੰ ਪੁੱਜਾ । ਭਾਈ ਸਾਹਿਬ ਖ਼ੁਸ਼ੀ ਵਿਚ ਏਨੇ ਉਤਾਵਲੇ ਹੋਏ, ਕਿ ਸੇਵਾਦਾਰ ਭੇਜ ਕੇ ਓਸੇ ਵੇਲੇ ਸੌਦਾਗਰ ਨੂੰ ਬੁਲੱਾ ਲਿਆ । ਉਹਨਾਂ ਬੜੇ ਆਦਰ ਮਾਣ ਨਾਲ ਸੌਦਾਗਰ ਨੂੰ ਕੋਲ ਬਿਠੱਾ ਕੇ ਹਜ਼ੂਰ ਦਾ ਹੁਕਮ ਸੁਣਾਇਆ । ਇਹ ਸੁਣ ਕੇ ਸਾਰੇ ਖ਼ੁਸ਼ ਹੋਏ, ਕਿ ਘੋੜੇ ਸੱਚੇ ਪਾਤਸ਼ਾਹ ਨੇ ਬਹੁਤ ਪਸੰਦ ਕੀਤੇ ਹਨ । ਕੁਛ ਚਿਰ ਏਧਰ ਓਧਰ ਦੀਆਂ ਰਸਮੀ ਗੱਲਾਂ ਬਾਤਾਂ ਕਰਨ ਪਿੱਛੋਂ ਭਾਈ ਸਾਹਿਬ ਅਗਲੇ ਤੰਬੂ ਵਿਚ ਮਾਇਆ ਲੈਣ ਗਏ ।

ਓਦੋਂ ਇਕ ਥਾਂ ਤੋਂ ਦੂੱਜੀ ਥਾਂ ਮਾਇਆ ਲੈ ਜਾਣ ਦਾ ਆਮ ਇਹ ਢੰਗ ਹੁੰਦਾ ਸੀ । ਛੋਟੀਆਂ ਛੋਟੀਆਂ ਲੋਹੇ ਦੀਆਂ ਜੰਦਰਿਆਂ ਵਾਲੀਆਂ ਪੇਟੀਆਂ ਹੁੰਦੀਆਂ ਸਨ । ਖ਼ੁਰਜੀ ਦੇ ਦੋਹੀਂ ਪਾਸੀਂ ਇਕ ਇਕ ਪੇਟੀ ਬੰਦ ਕੀਤੀ ਜਾਂਦੀ । ਉਹ ਖੁਰਜੀਆਂ ਖੱਚਰਾਂ ਜਾਂ ਬਲਦਾਂ ਉਤੇ ਲੱਦੀਆਂ ਜਾਂਦੀਆਂ । ਏਹੋ ਜੇਹੀਆਂ ਦਸ ਪੇਟੀਆਂ ਭਾਈ ਗੁਰਦਾਸ ਜੀ ਦੇ ਹਵਾਲੇ ਕੀਤੀਆਂ ਗਈਆਂ ਸਨ ।

ਅੰਦਰਲੇ ਤੰਬੂ ਵਿਚ ਜਾ ਕੇ ਭਾਈ ਸਾਹਿਬ ਨੇ ਪਹਿਲੀ ਪੇਟੀ ਖੁਹਲ ਕੇ ਵੇਖੀ, ਤਾਂ ਉਹਨਾਂ ਦੀ ਹੈਰਾਨੀ ਦੀ ਹੱਦ ਨਾ ਰਹੀ । ਉਸ ਵਿਚ ਰੁਪਇਆਂ ਜਾਂ ਮੋਹਰਾਂ ਦੀ ਥਾਂ ਗੋਲ ਕੀਤੀਆਂ ਠੀਕਰੀਆਂ ਭਰੀਆਂ ਹੋਈਆਂ ਸਨ । ਪਲ ਦਾ ਪਲ ਭਾਈ ਸਾਹਿਬ ਦਾ ਦਮਾਗ ਚਕਰੱਾ ਗਿਆ । ਆਪਣੇ ਆਪ ਵਿਚ ਉਹ ਇਕੋ ਸਵਾਲ ਵਾਰ ਵਾਰ ਦੁਹਰਾਈ ਜਾਂਦੇ । ਹੈਂ ? ਇਹ ਕੀ ਬਣਿਆਂ ?' ਉਹਨਾਂ ਹੌਸਲਾ ਧਾਰ ਕੇ ਫਿਰ ਬਾਕੀ ਪੇਟੀਆਂ ਖੁਹਲਣੀਆਂ ਸ਼ੁਰੂ ਕੀਤੀਆਂ । ਦਸੇ ਦੀਆਂ ਦਸੇ ਪੇਟੀਆਂ ਉਲਟੱਾ ਕੇ ਉਹਨਾਂ ਧਰਤੀ 'ਤੇ ਢੇਰ ਲਾ ਦਿਤਾ । ਉਹਨਾਂ ਦੀਆਂ ਅੱਖਾਂ ਸਾਮ੍ਹਣੇ ਠੀਕਰੀਆਂ ਦਾ ਇਕ ਵੱਡਾ ਸਾਰਾ ਢੇਰ ਲੱਗਾ ਪਿਆ ਸੀ । ਉਹ ਦੋਹਾਂ ਹੱਥਾਂ ਨਾਲ ਸਿਰ ਘੁੱਟ ਕੇ ਭੋਇੰ 'ਤੇ ਬਹਿ ਗਏ । ਉਹਨਾਂ ਦੀ ਘਬਰਾਈ ਹੋਈ ਸੁਰਤ ਦੂਰ ਤਕ ਦੌੜਨ ਲੱਗੀ, 'ਇਕ ਲੱਖ ਰੁਪੈ, ਸੌਦਾਗਰ ਬਾਹਰ ਬੂਹੇ ਅੱਗੇ ਬੈਠਾ ਹੈ, ਬਦਨਾਮੀ, ਸਖ਼ਤ ਬੇ-ਇਜ਼ਤੀ, ਦੇਸ ਮੁਸਲਮਾਨਾਂ, ਸਜ਼ੱਾ, ਕੈਦ, ਕੋਰੜੇ ਮੌਤ ...... ।

ਥਿੜਕਿਆ ਹੋਇਆ ਸਿਦਕ ਆਪਣੇ ਆਪ 'ਤੇ ਵੀ ਭਰੋਸਾ ਨਹੀਂ ਕਰਦਾ । ਭਾਈ ਗੁਰਦਾਸ ਜੀ ਵੀ ਡੋਲ ਗਏ । ਇਸ ਵੇਲੇ ਉਹਨਾਂ ਦੀਆਂ

ਸਾਰੀਆਂ ਸ਼ਕਤੀਆਂ ਇੱਕੋ ਨੁਕਤੇ 'ਤੇ ਟਿਕੀਆਂ ਹੋਈਆ ਸਨ, ਕਿ ਹੁਣ ਬਚਾਉ ਕਿਵੇਂ ਹੋਵੇ ? ਚੋਖੇ ਚਿਰ ਦੀ ਸੋਚ ਵਿਚਾਰ ਪਿਛੋਂ ਉਹ ਏਸ ਸਿੱਟੇ 'ਤੇ ਪੁੱਜੇ, ਕਿ ਏਥੋਂ ਨੱਸ ਜਾਣ ਵਿਚ ਹੀ ਭਲਾ ਹੈ । ਉਹ ਹਿੰਮਤ ਕਰ ਕੇ ਉੱਠੇ ਤੇ ਪਿਛਲੇ ਪਾਸਿਓਂ ਤੰਬੂ ਪਾੜ ਕੇ ਰਾਤ ਦੇ ਹਨ੍ਹੇਰੇ ਵਿਚ ਛਪਨ ਹੋ ਗਏ ।

ਪਠਾਣ ਸੌਦਾਗਰ ਤੇ ਸਿੱਖ ਸੇਵਾਦਾਰ ਬਾਹਰਲੇ ਤੰਬੂ ਬੈਠੇ ਉਡੀਕ ਕਰ ਰਹੇ ਸਨ । ਜਦ ਲੋੜ ਤੋਂ ਦੂਣਾ ਚੌਣਾਂ ਸਮਾਂ ਬੀਤ ਗਿਆ, ਪਰ ਭਾਈ ਸਾਹਿਬ ਬਾਹਰ ਨਾ ਆਏ, ਤਾਂ ਸਭ ਦੇ ਦਿਲ ਕਾਹਲੇ ਪੈਣ ਲੱਗੇ । ਅੰਤ ਸੌਦਾਗਰ ਦੇ ਜ਼ੋਰ ਦੇਣ 'ਤੇ ਇਕ ਸੇਵਾਦਰ ਅੰਦਰ ਗਿਆ ।

ਜੰਗਲਾ

ਚਿਰ ਹੋਇਆ, ਨਾ ਬਾਹਰ ਤੰਬੂ 'ਚੋਂ ਭਾਈ ਜੀ ਜਦ ਆਏ
ਸੇਵਾਦਾਰ, ਸੌਦਾਗਰ, ਸਾਰੇ ਦਿਲ ਅੰਦਰ ਘਬਰਾਏ
ਤੰਬੂ ਵਿਚ ਜਦ ਝਾਤੀ ਮਾਰੀ, ਗਈ ਹੈਰਾਨੀ ਛਾਏ
ਨੱਸ ਗਏ ਸਨ ਭਾਈ ਕਿਧਰੇ, ਧਨ ਦੀ ਢੇਰੀ ਲਾਏ

ਸੇਵਾਦਾਰ ਨੇ ਅੰਦਰ ਜਾ ਕੇ ਵੇਖਿਆ, ਕਿ ਮੋਹਰਾਂ ਦਾ ਢੇਰ ਲੱਗਾ ਪਿਆ ਹੈ, ਪਰ ਭਾਈ ਗੁਰਦਾਸ ਜੀ ਕੋਲ ਕੋਈ ਨਹੀਂ । ਹੱਛੀ ਤਰ੍ਹਾਂ ਜਾਚਿਆ, ਤਾਂ ਪਿਛਲੇ ਪਾਸੇ ਤੰਬੂ ਵਿਚ ਮਘੋਰਾ ਪਿਆ ਦਿੱਸਿਆ । ਸੇਵਾਦਾਰ ਨੇ ਕੁਛ ਹੋਰ ਸਾਥੀਆਂ ਨੂੰ ਅੰਦਰ ਬੁਲੱਾ ਲਿਆ । ਇਹ ਸਮਝਣ ਵਿਚ ਤਾਂ ਸ਼ੱਕ ਨਾ ਰਿਹਾ, ਕਿ ਭਾਈ ਗੁਰਦਾਸ ਜੀ ਤੰਬੂ ਪਾੜ ਕੇ ਨੱਸ ਗਏ ਹਨ, ਪਰ ਨੱਸ ਕਿਉਂ ਗਏ ? ਇਸ ਦਾ ਉੱਤਰ ਕਿਸੇ ਨੂੰ ਵੀ ਨਹੀਂ ਸੀ ਸੁੱਝਦਾ ਸਭ ਹੈਰਾਨ ਸਨ ।

ਅੰਤ ਗੁਰੂ ਜੀ ਦੇ ਹੁਕਮ ਅਨੁਸਾਰ ਘੋੜਿਆਂ ਦਾ ਮੁੱਲ ਗਿਣ ਕੇ ਸੌਦਾਗਰ ਦੀ ਝੋਲੀ ਪਾਇਆ ਗਿਆ, ਤੇ ਉਹਨੂੰ ਪੂਰੇ ਆਦਰ ਸਤਕਾਰ ਨਾਲ ਵਿਦਿਆ ਕੀਤਾ ਗਿਆ । ਬਾਕੀ ਦੀ ਰਕਮ ਸੰਭਾਲ ਕੇ ਅਗਲੇ ਦਿਨ ਹੀ ਸਿਖਾਂ ਨੇ ਅੰਮ੍ਰਿਤਸਰ ਨੂੰ ਚਾਲੇ ਪਾ ਦਿਤੇ ।

ਸਿੱਖ ਅੰਮ੍ਰਿਤਸਰ ਪਹੁੰਚੇ, ਤਾਂ ਬਾਕੀ ਸੰਗਤਾਂ ਵੀ ਇਹ ਵਾਰਤਾ ਸੁਣ

ਕੇ ਬੜੀਆਂ ਹੈਰਾਨ ਹੋਈਆਂ । ਪਰ ਅਸਲੀ ਕਾਰਨ ਦਾ ਕਿਸੇ ਨੂੰ ਪਤਾ ਨਾ ਲਗਾ ।

ਭਾਈ ਗੁਰਦਾਸ ਜੀ ਤੰਬੂ ਪਾੜ ਕੇ ਪਿਛਾਂਹ ਨਿਕਲ ਗਏ । ਸਭ ਦੀ ਨਜ਼ਰ ਬਚੱਾ ਕੇ ਉਹ ਰਾਤ ਦੇ ਹਨ੍ਹੇਰੇ ਵਿਚ ਲੋਪ ਹੋ ਗਏ । ਸਿਆਲ ਦੀ ਰੁੱਤ, ਬਿਗਾਨਾ ਦੇਸ ਤੇ ਮੂੰਹ ਆਈ ਰਾਤ, ਉਹ ਬੜੀ ਔਖਿਆਈ ਨਾਲ ਕਿਸੇ ਟਿਕਾਣੇ 'ਤੇ ਪਹੁੰਚੇ । ਅਗਲੇ ਦਿਨ ਤੋਂ ਉਹ ਸੰਤਾਂ ਵਾਲਾ ਭਗਵਾ ਭੇਸ ਕਰ ਕੇ ਕਾਂਸ਼ੀ ਨੂੰ ਹੋ ਤੁਰੇ ।

ਬੈਂਤ

ਮਜਲਾਂ ਮਾਰਦੇ ਝੱਲ ਕੇ ਕਸ਼ਟ ਕੋਈ
ਕਾਂਸ਼ੀ ਪੁੱਜੇ ਗੁਰਦਾਸ ਜੀ ਜਾ ਭਾਈ
ਕੁਛ-ਕੁ ਸਿੱਖ ਹੈ ਸਨ ਓਥੇ ਗੁਰਾਂ ਦੇ ਜੋ
ਉਹਨਾਂ ਕੋਲ ਦਿਤਾ ਡੇਰਾ ਲਾ ਭਾਈ
ਸੋਹਣੇ ਢੰਗ ਨਾਲ ਬਾਣੀ ਦੀ ਕਥਾ ਕਰਦੇ
ਸੁਬ੍ਹਾ ਨਿੱਤ ਦੀਵਾਨ ਸਜੱਾ ਭਾਈ
ਮਿੱਠੀ ਬੋਲੀ, ਮਨ ਮੋਹਣ ਸਰੋਤਿਆਂ ਦੇ
ਰੋਜ਼ ਸਿੱਖ ਇਤਿਹਾਸ ਸੁਣੱਾ ਭਾਈ
ਜੱਸ ਗੁਰਾਂ ਦਾ ਪਸਰਿਆ ਨਗਰ ਸਾਰੇ
ਆਉਣ ਸੰਗਤਾਂ ਹੁੰਮ ਹੁੰਮੱਾ ਭਾਈ
ਰਾਜਾ ਸ਼ਹਿਰ ਦਾ ਵੀ ਇਕ ਦਿਨ ਚੱਲ ਆਇਆ
ਬੈਠਾ ਸਭਾ ਵਿਚ ਸੀਸ ਨਿਵੱਾ ਭਾਈ
ਐਸਾ ਰੀਝਿਆ, ਕਿ ਬਣਿਆਂ ਸਿੱਖ ਉਹ ਵੀ
ਚਰਨ-ਪੌਹੁਲ ਭਾਈ ਜੀ ਤੋਂ ਪਾ ਭਾਈ
ਸਜੇ ਹੋਰ ਵੀ ਸੈਂਕੜੇ ਸਿੱਖ ਓਥੇ
ਮਹਿਮਾ ਗਈ ਗੁਰ ਦੀ ਸਾਰੇ ਛਾ ਭਾਈ

ਰਾਹ ਦੇ ਅਨੇਕਾਂ ਜ਼ਫ਼ਰ ਜਾਲਦੇ ਹੋਏ ਭਾਈ ਗੁਰਦਾਸ ਜੀ ਕਾਂਸ਼ੀ ਪਹੁੰਚੇ । ਉਸ ਵੇਲੇ ਦੇਸ ਦੇ ਹਰ ਹਿੱਸੇ ਵਿਚ ਗੁਰੂ ਮਹਾਰਾਜ ਦੇ ਥੋੜੇ ਬਹੁਤ

ਸਿੱਖ ਹੈ ਸਨ । ਕਾਂਸ਼ੀ ਵਿਚ ਵੀ ਸਿੱਖਾਂ ਦੇ ਕੁਝ ਘਰ ਸਨ । ਭਾਈ ਸਾਹਿਬ ਨੇ ਸਿੱਖੀ ਦਾ ਪਰਚਾਰ ਆਰੰਭ ਦਿਤਾ । ਸਿੱਖਾਂ ਦੀ ਬਣਾਈ ਹੋਈ ਸਾਂਝੀ ਧਰਮ-ਸਾਲ ਵਿਚ ਅੰਮ੍ਰਿਤ ਵੇਲੇ ਰੋਜ਼ ਦੀਵਾਨ ਸਜਣ ਲੱਗੇ । ਭਾਈ ਸਾਹਿਬ ਬੜੇ ਮਿਠ-ਬੋਲੇ ਤੇ ਮਹਾਨ ਵਿੱਦਵਾਨ ਸਨ । ਉਹਨਾਂ ਦੀ ਸੁਚੱਜੇ ਢੰਗ ਦੀ ਵਿਆਖਿਆ ਦਾ ਸਦਕਾ ਦਿਨੋਂ ਦਿਨ ਸੰਗਤਾਂ ਦੀ ਹਾਜ਼ਰੀ ਵਧਣ ਲਗੀ । ਇਕ ਹੋਰ ਵੀ ਕਾਰਨ ਸੀ । ਹਿੰਦੂ ਮੰਦਰਾਂ ਵਿਚ ਪੰਡਤ ਕਿਸੇ ਵੀ ਨੀਂਵੀ ਜਾਤੀ ਦੇ ਆਦਮੀ ਨੂੰ ਨਹੀਂ ਸਨ ਛੂਹਣ ਦੇਂਦੇ, ਭਾਵੇਂ ਦਿਲ ਉਹਦੇ ਵਿਚ ਧਰਮ ਤੇ ਈਸ਼ਵਰ ਵਾਸਤੇ ਕਿੰਨੀ ਹੀ ਸ਼ਰਧਾ ਕਿਉਂ ਨਾ ਹੋਵੇ । ਓਧਰੋਂ ਤ੍ਰਿਸਕਾਰੇ ਹੋਏ ਲੋਕ ਵੀ ਭਾਈ ਸਾਹਿਬ ਵੱਲ ਆਉਣ ਲੱਗੇ।

ਸਿੱਖੀ ਸਰਬ-ਸਾਂਝਾਂ ਧਰਮ ਹੈ । ਇਸ ਦਾ ਉਪਦੇਸ਼ ਹਰ ਪ੍ਰਾਣੀ ਮਾਤਰ ਵਾਸਤੇ ਹੈ । ਇਸ ਵਿਚ ਊਚ ਨੀਚ ਦਾ ਕੋਈ ਵਿਤਕਰਾ ਨਹੀਂ । ਇਹ ਇਨਸਾਨ ਦੇ ਮਨ ਦੀਆਂ ਸਭ ਲੋੜਾਂ ਪੂਰੀਆਂ ਕਰਦੀ ਹੈ । ਇਹ ਬਰਾਬਰੀ, ਪਿਆਰ ਤੇ ਸ਼ਾਂਤੀ ਦਾ ਉਪਦੇਸ਼ ਦੇਂਦੀ ਹੈ । ਸਿੱਖੀ ਦੇ ਅਜੇਹੇ ਉੱਚੇ ਸਿਧਾਂਤ, ਤੇ ਵਿਆਖਿਆ ਕਰਨ ਵਾਲੇ ਭਾਈ ਗੁਰਦਾਸ ਜੀ, ਸੁਣ ਸੁਣ ਕੇ ਲੋਕਾਂ ਦੇ ਮਨ ਮੋਹੇ ਗਏ । ਕਾਂਸ਼ੀ ਵਿਚ ਲੱਗੀ ਸਿੱਖਾਂ ਦੀ ਗਿਣਤੀ ਵਧਣ । ਏਥੋਂ ਤਕ, ਕਿ ਨਗਰ ਦਾ ਰਾਜਾ ਵੀ ਭਾਈ ਸਾਹਿਬ ਤੋਂ ਚਰਨ ਪੌਹੁਲ ਲੈ ਕੇ ਸਿੱਖ ਬਣ ਗਿਆ ।

ਸਿੱਖੀ ਦਾ ਇਹ ਵਾਧਾ ਵੇਖ ਕੇ ਓਥੋਂ ਦੇ ਪੰਡਤ ਸੜ ਭੁਜ ਗਏ । ਉਹ ਕਈ ਵਾਰ ਭਾਈ ਸਾਹਿਬ ਨਾਲ ਚਰਚਾ ਕਰਨ ਆਏ, ਪਰ ਭਾਈ ਸਾਹਿਬ ਦੀ ਵਿੱਦਿਆ ਸਾਮ੍ਹਣੇ ਹਰ ਵਾਰ ਹਾਰ ਮੰਨ ਕੇ ਗਏ ।

ਇਸ ਵੇਲੇ ਕਾਂਸ਼ੀ ਵਿਚ ਗੁਰੂ ਜੀ ਦਾ ਨੁਮਾਇੰਦਾ ਤੇ ਪੂਰਨ ਸਿੱਖ ਸਮਝ ਕੇ ਭਾਈ ਸਾਹਿਬ ਜੀ ਦੀ ਪੀਰਾਂ ਵਾਂਗ ਪੂਜਾ ਕੀਤੀ ਜਾਂਦੀ ਸੀ । ਪਰ ਏਨਾ ਆਦਰ ਮਾਣ ਹੁੰਦਿਆਂ ਹੋਇਆਂ ਵੀ ਉਹਨਾਂ ਦਾ ਦਿਲ ਨਹੀਂ ਸੀ ਲਗਦਾ । ਗੁਰੂ ਮਹਾਰਾਜ ਦਾ ਵਿਛੋੜਾ ਆਤਮਾ ਨੂੰ ਬੇਚੈਨ ਕਰ ਰਿਹਾ ਸੀ । ਦੋ ਮਹੀਨੇ ਦਾ ਵਿਛੋੜਾ ਦੋ ਸਦੀਆਂ ਨਾਲੋਂ ਵੀ ਲੰਮਾ ਪਰਤੀਤ ਹੋ ਰਿਹਾ ਸੀ । ਅੰਤ ਭਾਈ ਸਾਹਿਬ ਨੇ ਗੁਰੂ ਮਹਾਰਾਜ ਦੇ ਚਰਨਾਂ ਵਿਚ ਅਰਦਾਸ ਲਿਖ ਭੇਜੀ ।

ਕਲੀ

ਲਿਖਿਆ ਸਤਿਗੁਰ ਵੱਲੇ ਪੱਤਰ ਭਾਈ ਸਾਹਿਬ ਨੇ
ਚਰਨਾਂ ਨਾਲੋਂ ਵਿਛੜਿਆ ਦਿਲ ਨਹੀਂ ਧੀਰਜ ਧਾਰਦਾ
ਮੰਨਿਆਂ, ਮੈਂ ਹਾਂ ਭੁੱਲਣਹਾਰ ਪਰਖ ਵਿਚ ਡੋਲਿਆ
ਕੀ ਨਹੀਂ ਓਨਾ ਹੀ ਦਿਲ ਵੱਡਾ ਬਖ਼ਸ਼ਣਹਾਰ ਦਾ
ਬਖ਼ਸ਼ਸ਼, ਰਹਿਮ, ਦਇਆ ਦਾ ਜੱਗ ਵਿਚ ਹੁੰਦਾ ਨਾਮ ਨਾ
ਬੰਦਾ ਫ਼ਰਜ ਨਿਭਾਉਂਦਾ ਜੇ ਨਾ ਔਗਣਹਾਰ ਦਾ
ਪੁੱਤ ਅਨਜਾਣ ਪੁਣੇ ਵਿਚ ਜਿੰਨੀਆਂ ਭੁੱਲਾਂ ਕਰਦਾ ਏ
ਪ੍ਰੇਮ ਪਿਤਾ ਦਾ ਉਹਨਾਂ ਵੱਲ ਨਾ ਝਾਤੀ ਮਾਰਦਾ
ਗੁਰ ਤੇ ਸਿੱਖ ਦੀ ਸਾਂਝ ਪਿਤਾ ਪੁੱਤ ਨਾਲੋਂ ਉੱਚੀ ਹੈ
ਏਸੇ ਹੰਮੇ ਉੱਤੇ ਮੈਂ ਹਾਂ ਅਰਜ਼ ਗੁਜ਼ਾਰਦਾ
ਜੋ ਕੁਛ ਚਾਹੋ, ਦਿਹੋ ਸਜ਼ਾ, ਨਾ ਪਾਸਾ ਮੋੜਾਂਗਾ
ਝੱਲਿਆ ਜਾਂਦਾ ਨਹੀਂ ਵਿਛੋੜਾ ਪਰ ਸਰਕਾਰ ਦਾ
ਕਰ ਕੇ ਮੇਹਰ ਬੁਲੱਾ ਲਉ ਚਰਨਾਂ ਦੇ ਵਿਚ ਦਾਸ ਨੂੰ
ਰੱਖ ਲਉ ਮਾਣ ਗੁਰੂ ਜੀ, ਆਪਣੇ ਸੇਵਾਦਾਰ ਦਾ
ਵਿਚ ਮਿਲਾਪ ਮਿੱਤਰ ਦੇ ਫੁੱਲ ਜਾਪਣ ਅੰਗਿਆਰ ਵੀ
ਸੁਰਗ ਵਿਛੋੜੇ ਵਾਲਾ ਰੂਪ ਨਰਕ ਦਾ ਧਾਰਦਾ

ਇਹ ਬੈਨਤੀ-ਪੱਤਰ ਭੇਜ ਕੇ ਭਾਈ ਗੁਰਦਾਸ ਜੀ ਲੱਗੇ ਬੁਲਾਵੇ ਦੀ ਉਡੀਕ ਕਰਨ ।

ਓਧਰ ਸੱਚੇ ਪਾਤਸ਼ਾਹ ਨੇ ਇਕ ਹੋਰ ਕੌਤਕ ਰਚਿਆ । ਜਿੰਨੀ ਉੱਚੀ ਕਿਸੇ ਦੀ ਪਦਵੀ ਹੋਵੇ, ਓਨਾ ਹੀ ਸਖ਼ਤ ਉਸ ਦਾ ਇਮਤਿਹਾਨ ਹੁੰਦਾ ਹੈ । ਹਜ਼ੂਰ ਵੀ ਭਾਈ ਗੁਰਦਾਸ ਦੀ ਅਜੇ ਹੋਰ ਪ੍ਰੀਖਿਆ ਕਰਨੀ ਚਾਹੁੰਦੇ ਸਨ । ਮਹਾਰਾਜ ਨੇ ਇਹ ਅਨੋਖਾ ਹੁਕਮ ਲਿਖ ਕੇ ਕਾਂਸ਼ੀ ਦੇ ਰਾਜੇ ਕੋਲ ਭੇਜ ਦਿਤਾ ।

ਕਬਿੱਤ

ਲਿਖਿਆ ਹੁਕਮ ਮੀਰੀ ਪੀਰੀ ਵਾਲੇ ਪਾਤਸ਼ਾਹ ਨੇ
ਜੇਠੇ ਹੱਥ ਭੇਜ ਦਿੱਤਾ ਕਾਂਸ਼ੀ ਰਾਜੇ ਪਾਸ ਜੀ
ਸਾਡਾ ਇਕ ਚੋਰ, ਤੇਰੇ ਸ਼ਹਿਰ ਵਿਚ ਸੁਣੀਦਾ ਏ
ਜਾਪਦਾ ਏ ਸਿੱਖ ਪੂਰਾ, ਭਾਈ ਗੁਰਦਾਸ ਜੀ
ਬਨ੍ਹ ਪੁੱਠੇ ਹੱਥ ਉਹਦੇ, ਭੇਜੋ ਸਾਡੇ ਕੋਲ ਝੱਟ
ਏਸੇ ਲਈ ਘੱਲਿਆ ਏ ਸਿੱਖ ਅਸਾਂ ਖ਼ਾਸ ਜੀ
ਆਗਿਆ ਦੀ ਪਾਲਣਾ ਜੋ ਸ਼ਰਧਾ ਦੇ ਨਾਲ ਕਰੇ
ਗੁਰੂ ਘਰ ਪੂਰੀ ਹੋਵੇ, ਉਹਦੀ ਅਰਦਾਸ ਜੀ

ਗੁਰਦੇਵ ਨੇ ਇਹਹੁਕਮ ਸਜ਼ਾ ਵਜੋਂ ਨਹੀਂ, ਸਗੋਂ ਪ੍ਰੀਖਿਆ ਵਜੋਂ ਲਿਖਿਆ ਸੀ । ਸੋ ਭਾਈ ਜੇਠੇ ਨੂੰ ਇਹ ਵੀ ਸਮਝਾ ਦਿਤਾ, ਕਿ ਹੁਕਮਨਾਮਾ ਰਾਜੇ ਦੇ ਹੱਥ ਕਿਸ ਵੇਲੇ ਦੇਣਾ ਹੈ ।

ਭਾਈ ਜੇਠਾ ਜੀ ਕਾਂਸ਼ੀ ਜਾ ਪਹੁੰਚੇ । ਧਰਮਸਾਲਾ ਵਿਚ ਅੰਮ੍ਰਿਤ ਵੇਲੇ ਦੇ ਦੀਵਾਨ ਦੀ ਸਮਾਪਤੀ ਦੀ ਅਰਦਾਸ ਹੋ ਚੁੱਕੀ ਸੀ । ਪਰ ਅਜੇ ਬਹੁਤ ਸਾਰੀ ਸੰਗਤ ਓਥੇ ਹੀ ਸਜੀ ਬੈਠੀ ਸੀ । ਨਗਰ ਦਾ ਰਾਜਾ ਵੀ ਸੰਗਤ ਵਿਚ ਬੈਠਾ ਸੀ । ਉਹ ਕੁਛ ਮੁਖੀ ਸਿੱਖਾਂ ਸਣੇ ਭਾਈ ਗੁਰਦਾਸ ਜੀ ਨਾਲ ਕਿਸੇ ਗੰਭੀਰ ਵਿਸ਼ੇ 'ਤੇ ਵਿਚਾਰ ਕਰ ਰਿਹਾ ਸੀ । ਐਨ ਉਸ ਵੇਲੇ ਭਾਈ ਜੇਠੇ ਨੇ ਗੁਰਦੇਵ ਦਾ ਹੁਕਮ ਰਾਜੇ ਦੇ ਹੱਥ ਦਿਤਾ । ਆਪ ਭਾਈ ਜੇਠਾ ਜੀ, ਭਾਈ ਗੁਰਦਾਸ ਦੇ ਕੋਲ ਬਹਿ ਕੇ ਰਾਜ਼ੀ ਖ਼ੁਸ਼ੀ ਪੁੱਛਣ ਲੱਗ ਪਏ ।

ਰਾਜੇ ਨੇ ਗੁਰਦੇਵ ਦਾ ਹੁਕਮ ਪੜ੍ਹ ਕੇ ਸਕੱਤਰ ਦੇ ਹੱਥ ਦੇ ਦਿਤਾ, ਤੇ ਉਹਨੇ ਉਠ ਕੇ ਸੰਗਤ ਵਿਚ ਸੁਣਾ ਦਿਤਾ ।

ਸੁਣਦਿਆਂ ਸਾਰ ਭਾਈ ਗੁਰਦਾਸ ਦਾ ਰੰਗ ਉੱਡ ਗਿਆ । ਉਹਨਾਂ ਨੂੰ ਇਹ ਆਸ ਨਹੀਂ ਸੀ, ਕਿ ਗੁਰੂ ਮਹਾਰਾਜ ਏਸ ਤਰ੍ਹਾਂ ਬੁਲਾਉਣਗੇ । ਭਾਈ ਸਾਹਿਬ ਹੈਰਾਨ ਰਹਿ ਗਏ । ਉਹਨਾਂ ਸਾਮ੍ਹਣੇ ਬੜੀ ਭਾਰੀ ਔਕੜ ਆ ਬਣੀ । ਇਹ ਸਮਝਣ ਵਿਚ ਤਾਂ ਕੋਈ ਭੁਲੇਖਾ ਨਹੀਂ ਸੀ, ਕਿ ਗੁਰਦੇਵ ਦਾ ਇਸ਼ਾਰਾ ਉਹਨਾਂ ਵੱਲ ਹੀ ਹੈ । ਹੁਣ ਉਹ ਕੀ ਕਰਨ ? ਜੇ ਉਹ ਆਪਣੇ ਆਪ ਨੂੰ ਗੁਰੂ ਜੀ ਦਾ ਦੋਸ਼ੀ ਮੰਨ ਲੈਣ, ਤਾਂ ਸਾਰੀ ਸੰਗਤ ਵਿਚ ਬਦਨਾਮੀ ਹੁੰਦੀ ਹੈ । ਤੇ

ਜੇ ਉਹ ਗੱਲ ਨੂੰ ਚੁੱਪ ਕਰ ਕੇ ਟਾਲ ਦੇਂਦੇ ਹਨ, ਤਾਂ ਗੁਰੂ ਜੀ ਦੇ ਹੁਕਮ ਦੀ ਅਵੱਗਿਆ ਹੁੰਦੀ ਹੈ ।ਅੰਤ ਉਹਨਾਂ ਦਿਲ ਨਾਲ ਪੱਕਾ ਫ਼ੈਸਲਾ ਕਰ ਲਿਆ, 'ਮਨਾਂ! ਅੱਗੇ ਇਕ ਪ੍ਰੀਖਿਆ ਵਿਚੋਂ ਹਾਰਿਆ ਹੈਂ, ਤਾਂ ਏਨਾ ਲੰਮਾਂ ਵਿਛੋੜਾ ਸਹਿਣਾ ਪਿਆ ਹੈ ।ਜੇ ਇਸ ਦੂਜੀ ਪ੍ਰੀਖਿਆ ਵਿਚੋਂ ਵੀ ਡੋਲ ਗਿਓਂ, ਤਾਂ ਪਤਾ ਨਹੀਂ, ਕਿੰਨੇ ਜੁੱਗਾਂ ਦਾ ਵਿਛੋੜਾ ਝੱਲਣਾ ਪਵੇਗਾ ।ਸੋ, ਛੱਡ ਇਸ ਦੁਨਿਆਵੀ ਆਦਰ ਦਾ ਮੋਹ, ਤੇ ਮੰਨ ਸੱਚੇ ਪਾਤਸ਼ਾਹ ਦੀ ਆਗਿਆ ।'

ਭਾਈ ਗੁਰਦਾਸ ਜੀ ਉਠ ਕੇ ਖਲੋ ਗਏ ।ਉਹਨਾਂ ਗਲ ਵਿਚ ਪੱਲਾ ਪਾ ਕੇ ਕਿਹਾ, "ਸਾਧ ਸੰਗਤ! ਗੁਰੂ ਕਾ ਚੋਰ ਗੁਰਦਾਸ, ਮੈਂ ਹੀ ਹਾਂ।ਹਜ਼ੂਰ ਦਾ ਇਹ ਹੁਕਮ ਮੇਰੇ ਵਾਸਤੇ ਹੀ ਆਇਆ ਹੈ।"

ਇਹ ਵਾਕ ਸੁਣ ਕੇ ਸੰਗਤ ਹੈਰਾਨ ਰਹਿ ਗਈ ।ਕੋਈ ਵੀ ਨਾ ਮੰਨੇ, ਕਿ ਭਾਈ ਗੁਰਦਾਸ ਵਰਗਾ ਪੂਰਨ ਸਿੱਖ ਦੋਸ਼ੀ ਵੀ ਹੋ ਸਕਦਾ ਹੈ ।ਸੰਗਤ ਦਾ ਭਰਮ ਦੂਰ ਕਰਨ ਬਦਲੇ ਭਾਈ ਸਾਹਿਬ ਫਿਰ ਬੋਲੇ ।

ਜੰਗਲਾ

ਭਾਈ ਜੀ ਹੱਥ ਜੋੜ ਸੰਗਤ ਵਿਚ
ਸਾਰਾ ਹਾਲ ਸੁਣਾਇਆ
ਇਸ ਦੇ ਵਿਚ ਹੈਰਾਨੀ ਕੇਹੀ
ਸਤਿਗੁਰ ਸੱਚ ਫ਼ੁਰਮਾਇਆ
ਮੈਂ ਹਾਂ ਚੋਰ ਗੁਰੂ ਘਰ ਦਾ, ਜੋ
ਕਾਬਲ ਤੋਂ ਨੱਸ ਆਇਆ
ਮਿਹਰ ਹੋਈ, ਗੁਰ ਏਸ ਬਹਾਨੇ
ਚਰਨਾਂ ਵਿਚ ਬੁਲਾਇਆ

ਕਾਬਲ ਦੀ ਸਾਰੀ ਵਿਥਿਆ ਸੁਣ ਕੇ ਸੰਗਤ ਨੇ ਸਿਰ ਝੁਕਾ ਦਿਤਾ । ਬਹੁਤ ਸੋਚ ਵਿਚਾਰ ਪਿਛੋਂ ਇਹ ਫ਼ੈਸਲਾ ਤਾਂ ਹੋ ਗਿਆ, ਕਿ ਭਾਈ ਗੁਰਦਾਸ ਜੀ ਨੂੰ ਭਾਈ ਜੇਠੇ ਨਾਲ ਭੇਜ ਦਿਤਾ ਜਾਵੇ, ਪਰ ਸੰਗਤ ਇਹ ਨਾ ਮੰਨੇ, ਕਿ ਦੋਸ਼ੀਆਂ ਵਾਂਗ ਉਹਨਾਂ ਦੀਆਂ ਮੁਸ਼ਕਾਂ ਬੰਨ੍ਹ ਕੇ ਤੋਰਿਆ ਜਾਵੇ ।ਇਸ ਦਾ ਫ਼ੈਸਲਾ ਭਾਈ ਗੁਰਦਾਸ ਜੀ ਨੇ ਹੀ ਕੀਤਾ ।ਉਹਨਾਂ ਸਮਝਾਇਆ, ਕਿ ਕਿਸੇ ਵੀ ਸਿੱਖ ਨਾਲੋਂ ਗੁਰੂ ਕਾ ਹੁਕਮ ਬਹੁਤ ਉਚੇਰਾ ਹੈ, ਤੇ ਗੁਰੂ ਕੇ ਹੁਕਮ ਨੂੰ ਸ਼ਰਧਾ

ਨਾਲ ਮੰਨਣਾ ਹੀ ਸਿੱਖੀ ਹੈ ।ਅੰਤ ਭਾਈ ਸਾਹਿਬ ਦੇ ਬਹੁਤ ਜ਼ੋਰ ਦੇਣ ਨਾਲ ਸੰਗਤ ਨੇ ਉਹਨਾਂ ਦੀ ਬੇਨਤੀ ਮੰਨ ਲਈ ।ਅਨੋਖਾ ਦੋਸ਼ੀ ਸੀ ।ਗਲ ਵਿਚ ਫੁੱਲਾਂ ਦੇ ਹਾਰ ਪਏ ਹੋਏ ਸਨ, ਤੇ ਬਾਂਹੀਂ ਪਿਛਲੇ ਪਾਸੇ ਬੱਧੀਆਂ ਹੋਈਆਂ ਸਨ ।ਕਈ ਮੀਲ ਤਕ ਸੰਗਤ ਨਾਲ ਤੋਰਨ ਗਈ ।ਅੰਤ ਇਕ ਸ਼ਰਤ ਉਤੇ ਅਗਲੇ ਦਿਨ ਸੰਗਤ ਵਾਪਸ ਮੁੜੀ, ਕਿ ਗੁਰੂ ਮਹਾਰਾਜ ਦਾ ਹੁਕਮ ਪੂਰਾ ਹੋ ਗਿਆ ਹੈ, ਹੁਣ ਭਾਈ ਸਾਹਿਬ ਜੀ ਦੀਆਂ ਮੁਸ਼ਕਾਂ ਖੋਹਲ ਦਿੱਤੀਆਂ ਜਾਣ, ਤੇ ਅੰਮ੍ਰਿਤਸਰ ਦੇ ਨੇੜੇ ਜਾ ਕੇ ਫਿਰ ਬੰਨ੍ਹ ਲਈਆਂ ਜਾਣ ।ਭਾਈ ਸਾਹਿਬ ਨੇ ਸੰਗਤ ਦਾ ਹੁਕਮ ਮੰਨ ਲਿਆ ਤੇ ਸੰਗਤ ਵਾਪਸ ਮੁੜ ਗਈ ।

ਸਾਰੇ ਰਾਹ ਭਾਈ ਗੁਰਦਾਸ ਤੇ ਭਾਈ ਜੇਠਾ ਜੀ ਗੁਰਦੇਵ ਦੇ ਚੋਜਾਂ ਬਾਰੇ ਗੱਲਾਂ ਬਾਤਾਂ ਕਰਦੇ ਆਏ। ਅੰਮ੍ਰਿਤਸਰ ਦੇ ਨੇੜੇ ਪੁੱਜੇ ਤਾਂ ਭਾਈ ਗੁਰਦਾਸ ਦੇ ਮਜਬੂਰ ਕਰਨ 'ਤੇ, ਭਾਈ ਜੇਠੇ ਨੇ ਫਿਰ ਉਹਨਾਂ ਦੀਆਂ ਮੁਸ਼ਕਾਂ ਬੰਨ੍ਹ ਲਈਆਂ ।

ਅਕਾਲ ਤਖ਼ਤ ਦੇ ਸਾਮ੍ਹਣੇ ਪਿਛਲੇ ਪਹਿਰ ਦਾ ਦੀਵਾਨ ਸਜਿਆ ਹੋਇਆ ਸੀ ।ਮੀਰੀ ਪੀਰੀ ਦੇ ਮਾਲਕ ਤਖ਼ਤ ਉਤੇ ਸੋਭ ਰਹੇ ਸਨ ।ਜਾਂ ਭਾਈ ਜੇਠਾ ਜੀ, ਭਾਈ ਗੁਰਦਾਸ ਨੂੰ ਲੈ ਕੇ ਹਾਜ਼ਰ ਹੋਏ ।ਭਾਈ ਸਾਹਿਬ ਦੀਆਂ ਚੋਰਾਂ ਵਾਂਗ ਮੁਸ਼ਕਾਂ ਕੱਸੀਆਂ ਹੋਈਆਂ ਸਨ ।ਸੰਗਤ ਵਿਚ ਦੂਰ ਖਲੋ ਕੇ ਹੀ ਉਹਨਾਂ ਹਜ਼ੂਰ ਨੂੰ ਸਿਰ ਝੁੱਕਾ ਦਿਤਾ ।ਸਾਰੀ ਸੰਗਤ ਇਹ ਕੌਤਕ ਵੇਖਕੇ ਹੈਰਾਨ ਰਹਿ ਗਈ ।ਸੱਚੇ ਪਾਤਸ਼ਾਹ ਮੁਸਕਾਉਂਦੇ ਹੋਏ ਬੋਲੇ ।

ਬੈਂਤ

ਪਹੁੰਚੇ ਭਾਈ ਗੁਰਦਾਸ ਦੀਵਾਨ ਵਿਚ ਜਾਂ
ਬੋਲੇ ਸਤਿਗੁਰੂ ਇਉਂ ਮੁਸਕਰਾਇ ਕੇ ਜੀ
ਚੰਗਾ ਤੋਰਿਆ ਸੀ ਅਸਾਂ ਤੁਸਾਂ ਤਾਈਂ
ਏਨੀ ਮਾਇਆ ਦਾ ਰਾਖਾ ਬਣਾਇਕੇ ਜੀ
ਪਹੁੰਚ ਗਏ ਘੋੜੇ, ਪਰ ਨਾ ਆਪ ਆਏ
ਨੱਸੇ ਅਸਾਂ ਤੋਂ ਮੁੱਖ ਛਪਾਇਕੇ ਜੀ
ਕਿਹੜੀ ਗੱਲ ਤੋਂ ਤੁਸੀਂ ਨਾਰਾਜ਼ ਹੋ ਕੇ

ਬੈਠ ਰਹੇ ਕਾਂਸ਼ੀ ਡੇਰਾ ਲਾਇ ਕੇ ਜੀ
ਏਧਰ ਤੁਸਾਂ ਦੇ ਵਿਚ ਵੈਰਾਗ ਸੰਗਤ
ਰੋਜ਼ ਪੁੱਛਦੀ ਸੀ ਸਾਨੂੰ ਆਇਕੇ ਜੀ
ਜੇ ਗੁਰ ਸਾਂਗ ਵਰਤੇ, ਸਿੱਖ ਨਾ ਸਿਦਕ ਹਾਰੇ
ਦੱਸੋ ਸੰਗਤਾਂ ਤਾਂਈਂ ਸਮਝਾਇਕੇ ਜੀ
ਓਥੇ ਠਹਿਰ ਗਏ ਕਿਉਂ ? ਬਾਂਹੀਂ ਖੁਹਲ ਦੇਵੋ
ਐਥੋ ਕੋਲ ਸਾਡੇ ਬੈਠੋ ਆਇ ਕੇ ਜੀ
ਆਪ ਮਹਾਂ ਗਿਆਨੀ ਹੋ 'ਗੁਰਮਤ ' ਦੇ
ਸਿੱਖੀ ਸਿਦਕ ਕੀ ? ਦੱਸੋ ਸਮਝਾਇਕੇ ਜੀ

ਇਹ ਸੁਣ ਕੇ ਭਾਈ ਗੁਰਦਾਸ ਜੀ ਦੀਆਂ ਅੱਖਾਂ ਵਿਚ ਪਾਣੀ ਆ ਗਿਆ। ਭਾਈ ਜੇਠੇ ਨੇ ਉਹਨਾਂ ਦੀਆਂ ਬਾਂਹੀਂ ਖੁਹਲ ਦਿਤੀਆਂ । ਭਾਈ ਗੁਰਦਾਸ ਜੀ ਨੇ ਇਕ ਵਾਰ ਫਿਰ ਸਿਰ ਝੁੱਕਾ ਕੇ, ਉਜ਼ਰ ਵਜੋਂ ਇਹੀ ਪਉੜੀ ਕਹੀ ।

"ਜੇ ਮਾਂ ਪੁਤੈ ਵਿਸੁ ਦੇਇ ਤਿਸਤੇ ਕਉਣ ਪਿਆਰਾ
ਜੇ ਘਰ ਭਨੇ ਪਾਹਰੂ ਕਉਣ ਰਖਣ ਹਾਰਾ
ਆਗੂ ਲੈ ਉਝੜ ਪਵੈ ਕਿਸ ਕਰੈ ਪੁਕਾਰਾ
ਜੇਕਰ ਖੇਤੈ ਖਾਇ ਵਾੜ ਕੋ ਲਹੈ ਨਾ ਸਾਰਾ
ਜੇ ਗੁਰ ਭਰਮਾਏ ਸਾਂਗ ਕਰ ਕਿਆ ਸਿੱਖ ਵਿਚਾਰਾ"

(ਭਾਈ ਗੁਰਦਾਸ, ਵਾਰ ੩੫, ਪਉੜੀ ੨੨)

ਇਹ ਨਿਹੋਰੇ ਭਰੀ ਬੇਨਤੀ ਸੁਣ ਕੇ ਸਾਰੀ ਸੰਗਤ ਦੀਆਂ ਅੱਖਾਂ ਵਿਚੋਂ ਹੰਝੂ ਵਹਿ ਤੁਰੇ । ਗੁਰੂ ਮਹਾਰਾਜ ਦਾ ਦਿਲ ਵੀ ਪਸੀਜ ਗਿਆ । ਹਜ਼ੂਰ ਸਿੰਘਾਸਣ ਤੋਂ ਉਠ ਬੈਠੇ । ਅੱਗੇ ਵਧ ਕੇ ਮਹਾਰਾਜ ਨੇ ਭਾਈ ਸਾਹਿਬ ਨੂੰ ਛਾਤੀ ਨਾਲ ਘੁੱਟ ਕੇ ਮੁਖਾਰ ਬਿੰਦ ਤੋਂ ਫ਼ੁਰਮਾਇਆ, "ਧੰਨ ਭਾਈ ਗੁਰਦਾਸ! ਧੰਨ ਤੇਰੀ ਸਿੱਖੀ ਤੇ ਧੰਨ ਤੇਰਾ ਸਿਦਕ ।"

ਸਾਰੀ ਸੰਗਤ ਵਿਚ ਧੰਨ ਧੰਨ ਹੋ ਉੱਠੀ। ਗੁਰਦੇਵ ਨੇ ਭਾਈ ਸਾਹਿਬ ਨੂੰ ਆਪਣ ਕੋਲ ਬਿਠਾ ਲਿਆ ਤੇ ਆਦਰ ਵਜੋਂ ਕੀਮਤੀ ਸਿਰੋਪਾਉ ਬਖ਼ਸ਼ਿਆ । (ਪ੍ਰਸੰਗ ਲਿਖਿਆ ੨੬-੬-੫੭ ਈ.)

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ ॥

ਮੱਖਣ ਸ਼ਾਹ ਲੁਬਾਣਾ

ਗੁਰੂ ਤੇਗ਼ ਬਹਾਦਰ ਜੀ ਦਾ ਗੁਰਗੱਦੀ ਬੈਠਣਾ

ਸਿੱਖੀ ਕੋਈ ਫ਼ਕੀਰਾਂ ਦਾ ਟੋਲਾ ਨਹੀਂ, ਸਗੋਂ ਖੱਟ-ਕਮੱਾ ਕੇ ਖਾਣ ਵਾਲਿਆਂ ਕਿਰਤੀਆਂ ਦਾ ਜਥੇਬੰਦ ਭਾਈਚਾਰਾ ਹੈ। ਪੰਜਵੇਂ ਪਾਤਸ਼ਾਹ ਦੀ ਪ੍ਰੇਰਨਾ ਨਾਲ ਸਿੱਖਾਂ ਨੇ ਵਣਜ-ਬਪਾਰ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿਤਾ। ਸਹਿਜ ਸਹਿਜ ਸਿੱਖਾਂ ਵਿਚ ਬਹੁਤ ਉਘੇ ਬਪਾਰੀ ਬਣ ਗਏ।

ਪੂਰਬ ਦੇਸ ਦਾ ਮੱਖਣ ਸ਼ਾਹ ਲੁਬਾਣਾ ਆਪਣੇ ਸਮੇਂ ਦਾ ਇਕ ਪ੍ਰਸਿਧ ਬਪਾਰੀ ਸੀ। ਉਹ ਮਾਲ ਦਾ ਜਹਾਜ਼ ਭਰ ਕੇ ਦਸੌਰ ਲੈ ਜਾਂਦਾ। ਏਧਰ ਦਾ ਮਾਲ ਓਧਰ ਨਫ਼ੇ ਨਾਲ ਵੇਚਦਾ, ਤੇ ਓਥੋਂ ਵਾਪਸ ਮੁੜਦਾ ਹੋਇਆ ਉਹ ਮਾਲ ਭਰ ਲਿਆਉਂਦਾ, ਜੋ ਉਹਨੂੰ ਦੇਸ ਵਿਚ ਪਰਤਾ ਖਾਂਦਾ। ਇਕ ਵਾਰ ਉਹ ਚੋਖਾ ਨਫ਼ਾ ਕਮੱਾ ਕੇ ਵਾਪਸ ਮੁੜ ਰਿਹਾ ਸੀ, ਜਾਂ ਰਾਹ ਵਿਚ ਜਹਾਜ਼ ਤੂਫ਼ਾਨ ਦੇ ਕਾਬੂ ਆ ਗਿਆ।

ਇਸ ਔਕੜ ਵਿਚੋਂ ਬਚਾਓ ਦਾ ਕੋਈ ਰਾਹ ਨਾ ਵੇਖ ਕੇ, ਮੱਖਣ ਸ਼ਾਹ ਗੁਰੂ ਮਹਾਰਾਜ ਅੱਗੇ ਅਰਦਾਸ ਕਰਨ ਲੱਗਾ।

ਕਲੀ

ਝੱਖੜ ਝੁੱਲੇ, ਬੇੜਾ ਸਾਗਰ ਦੇ ਵਿਚ ਡੋਲਿਆ
ਮੱਖਣ ਸ਼ਾਹ ਲੁਬਾਣਾ ਹੱਥ ਬੰਨ੍ਹ ਅਰਜ਼ ਗੁਜ਼ਾਰਦਾ
ਮੈਂ ਹਾਂ ਸੇਵਕ ਤੇਰਾ ਲੱਜਿਆ ਰੱਖ ਲੈ ਦਾਸ ਦੀ
ਤੇਰੇ ਬਾਝ ਆਸਰਾ ਹੋਰ ਨਹੀਂ ਦੁਖਿਆਰ ਦਾ
ਅੱਧ ਵਿਚਾਲੇ ਬੇੜਾ ਡੁਬਦਾ ਜਾਂਦਾ ਜਾਪਦਾ
ਨਜ਼ਰ ਨਾ ਆਉਂਦਾ ਦਾਤਾ, ਕਿਧਰੇ ਕੰਢਾ ਪਾਰ ਦਾ

ਹਾਥੀ ਤੰਦਵੇ ਕੋਲੋਂ ਪ੍ਰਭੂ ਛੁਡਾਇਆ ਜਿਸ ਤਰ੍ਹਾਂ
ਹਰਨੀ ਜਾਲ ਫਸੀ ਦੇ ਬੰਧਨ ਆਪ ਉਤਾਰਦਾ
ਸੁਣੀਆਂ ਹੈਨ ਅਨੇਕਾਂ ਹੋਰ ਵੀ ਕਥਾ ਪੁਰਾਣੀਆਂ
ਤਰ ਗਏ ਜਿੰਨ੍ਹਾਂ ਫੜਿਆ ਲੜ ਉਸ ਬਖ਼ਸ਼ਣਹਾਰ ਦਾ
ਮੈਨੂੰ ਓਟ ਹੈ ਸਭ ਤੋਂ ਵੱਡੇ ਨਾਨਕ ਗੁਰੂ ਦੀ
ਇੱਕੋ ਨਜ਼ਰ ਨਾਲ ਜੋ ਤਪੇ ਕੜਾਹੇ ਠਾਰਦਾ
ਦੁਨੀਆਂ ਦੇਊ ਉਲ੍ਹਾਮੇ ਨਾਂ ਲੈ ਲੈ ਮਹਾਰਾਜ ਦਾ
ਜੇ ਨਾ ਬੇੜਾ ਬੰਨੇ ਲੱਗਾ ਸੇਵਾਦਾਰ ਦਾ
ਆਸਾਂ ਮੁਕ ਜਾਵਣ ਜਾਂ ਸਭੇ ਦੁਨੀਆਂ ਵਾਲੀਆਂ
'ਸੀਤਲ' ਓਦੋਂ ਬੰਦਾ ਲੱਭਦਾ ਦਰ ਕਰਤਾਰ ਦਾ

ਜਹਾਜ ਡੁੱਬਣੋ ਬਚ ਗਿਆ, ਪਰ ਲਹਿਰਾਂ ਦੇ ਥਪੇੜਿਆਂ ਦਾ ਮਾਰਿਆ, ਉਹ ਇਕ ਬੇ-ਆਬਾਦ ਟਾਪੂ ਦੇ ਬਰੇਤੇ ਉਤੇ ਚੜ੍ਹ ਗਿਆ । ਜਹਾਜ਼ ਵਾਸਤੇ ਇਹ ਔਕੜ ਵੀ ਬੜੀ ਭਾਰੀ ਹੈ । ਸਾਰੇ ਮਲਾਹ ਰਲ ਕੇ ਹਰ ਢੰਗ ਨਾਲ ਯਤਨ ਕਰ ਰਹੇ, ਪਰ ਜਹਾਜ਼ ਪਾਣੀ ਵਿਚ ਨਾ ਉਤਰਿਆ । ਮੱਖਣ ਸ਼ਾਹ ਫਿਰ ਇਕਾਗਰ ਚਿੱਤ ਬਹਿ ਕੇ ਲੱਗਾ ਅਰਦਾਸਾਂ ਕਰਨ । ਏਸੇ ਸਮੇਂ ਉਹਨੇ ਗੁਰੂ ਮਹਾਰਾਜ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਪੰਜ ਸੌ ਮੋਹਰ ਭੇਟਾ ਧਰਨੀ ਸੁੱਖੀ । ਸ਼ਰਧਾਵਾਨ ਸਿੱਖ ਦੀ ਬੇਨਤੀ ਸੁਣੀ ਗਈ । ਪਾਣੀ ਦੀ ਇਕ ਵੱਡੀ ਛੱਲ ਆਈ, ਜਿਸ ਨਾਲ ਤਰ ਕੇ ਜਹਾਜ਼ ਡੂੰਘੇ ਪਾਣੀ ਵਿਚ ਚਲਾ ਗਿਆ । ਸਭ ਦੇ ਮਨ ਖ਼ੁਸ਼ੀ ਨਾਲ ਭਰ ਗਏ । ਮੱਖਣ ਸ਼ਾਹ ਨੇ ਸ਼ੁਕਰਾਨੇ ਵਜੋਂ ਅਰਦਾਸ ਕੀਤੀ ।

ਜਹਾਜ਼ ਪੰਧ ਮੁਕਾਉਂਦਾ, ਅਮਨ ਅਮਾਨ ਨਾਲ ਆਪਣੇ ਟਿਕਾਣੇ ਆ ਪੁੱਜਾ, ਬਾਹਰੋਂ ਆਇਆ ਮਾਲ ਵਿਕ ਜਾਣ 'ਤੇ ਮੱਖਣ ਸ਼ਾਹ ਨੂੰ ਚੋਖਾ ਲਾਭ ਪੁੱਜਾ । ਹੁਣ ਉਹ ਲੱਗਾ ਗੁਰਦੇਵ ਦੇ ਦਰਸ਼ਨਾਂ ਲਈ ਤਿਆਰੀ ਕਰਨ । ਪ੍ਰਦੇਸੋਂ ਉਹ ਕਈ ਕੀਮਤੀ ਚੀਜ਼ਾਂ ਲਿਆਇਆ ਸੀ । ਉਹਨਾਂ ਵਿਚੋਂ ਉਹਨੇ ਕੋਈ ਮਹਾਰਾਜ ਦੀ ਭੇਟਾ ਵਾਸਤੇ ਲੈ ਲਈਆਂ । ਇਕ ਸੁੰਦਰ ਪੁਸ਼ਾਕਾ ਵੀ ਹਜ਼ੂਰ ਵਾਸਤੇ ਲੈ ਲਿਆ ।

ਮੱਖਣ ਸ਼ਾਹ ਚੰਗਾ ਰਸੂਖ ਵਾਲਾ ਸੱਜਣ ਸੀ । ਉਹ ਸਣੇ ਪਰਵਾਰ ਤੇ ਨੌਕਰਾਂ ਚਾਕਰਾਂ ਸਣੇ ਤਿਆਰ ਹੋਇਆ, ਤਾਂ ਉਹਦੇ ਨਾਲ ਹੋਰ ਬਹੁਤ

ਸਾਰੀ ਸੰਗਤ ਤਿਆਰ ਹੋ ਪਈ । ਨਾਲੇ ਉਸ ਸਮੇਂ ਦੂਰ ਦੇ ਪੰਧ ਜਥੇ ਬਣ ਕੇ ਹੀ ਕੀਤੇ ਜਾਂਦੇ ਸਨ । ਸੋ ਇਹ ਪੰਜ-ਛੇ ਸੌ ਦਾ ਵਹੀਰ ਦਰਸ਼ਨਾਂ ਵਾਸਤੇ ਤੁਰਿਆ ।

ਬੈਂਤ

ਮੱਖਣ ਸ਼ਾਹ 'ਤੇ ਗੁਰਾਂ ਦੀ ਮਿਹਰ ਹੋਈ
ਧਨ ਓਸ ਨੇ ਬਹੁਤ ਕਮਾਇਆ ਜੀ
ਪਹਿਲਾਂ ਗੁਰਾਂ ਦੀ ਸੁੱਖਣਾ ਤਾਰ ਆਈਏ
ਘਰ ਬੈਠ ਉਸ ਮਤਾ ਪਕਾਇਆ ਜੀ
ਇਕ ਸੁੰਦਰ ਪੁਸ਼ਾਕਾ ਮਹਾਰਾਜ ਖ਼ਾਤਰ
ਸ਼ਰਧਾ ਨਾਲ ਉਸ ਸਿੱਖ ਬਣਵਾਇਆ ਜੀ
ਕੋਈ ਹੋਰ ਬੇ-ਕੀਮਤੀ ਲਏ ਤੋਹਫ਼ੇ
ਜੋ ਪਰਦੇਸ 'ਚੋਂ ਉਹ ਲਿਆਇਆ ਜੀ
ਨੌਕਰ ਚਾਕਰਾਂ ਸਣੇ ਪਰਵਾਰ ਸਾਰਾ
ਮੱਥਾ ਟੇਕਣੇ ਨੂੰ ਚਾਲਾ ਪਾਇਆ ਜੀ
ਸਿੱਖ ਆਂਢ ਗੁਆਂਢ ਦੇ ਕਰ ਕੱਠੇ
ਚੰਗਾ ਓਸ ਨੇ ਜਥਾ ਬਣਾਇਆ ਜੀ
ਸੋਚਣ, ਸਮੇਂ ਸਿਰ ਚਰਨਾਂ 'ਚ ਪਹੁੰਚ ਜਾਈਏ
ਨੇੜੇ ਪੁਰਬ ਵਿਸਾਖੀ ਦਾ ਆਇਆ ਜੀ
ਪੰਧ ਮਾਰਦੇ 'ਸੀਤਲਾ' ਆਣ ਪਹੁੰਚੇ
ਡੇਰਾ ਬਾਹਰ ਬਕਾਲੇ ਆ ਲਾਇਆ ਜੀ

ਜਦ ਮੱਖਣ ਸ਼ਾਹ ਜਹਾਜ਼ ਲੈ ਕੇ ਪ੍ਰਦੇਸ ਨੂੰ ਤੁਰਿਆ ਸੀ, ਓਦੋਂ ਗੁਰਗੱਦੀ ਉਤੇ ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਸਾਹਿਬ ਬਿਰਾਜਮਾਨ ਸਨ। ਤੇ ਜਦ ਉਹ ਵਾਪਸ ਪਰਤਿਆ, ਤਾਂ ਅੱਠਵੇਂ ਪਾਤਸ਼ਾਹ ਜੋਤੀ ਜੋਤ ਸਮੱਾ ਗਏ ਸਨ ।

ਪਿਛਲੇ ਸਾਰੇ ਗੁਰੂ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਨਵੇਂ ਗੁਰੂ ਨੂੰ ਗੱਦੀ ਦੇ ਕੇ ਜਾਂਦੇ ਰਹੇ ਸਨ । ਅੰਤ ਵੇਲੇ ਸਿੱਖਾਂ ਨੇ ਅੱਠਵੇਂ ਪਾਤਸ਼ਾਹ ਜੀ ਤੋਂ ਨੌਂਵੇਂ ਬਣਨ ਵਾਲੇ ਗੁਰੂ ਬਾਬਤ ਪੁਛਿਆ, ਤਾਂ ਗੁਰਦੇਵ ਨੇ ਗੁਰਿਆਈ

ਦੀ ਮਰਯਾਦਾ ਪੰਜ ਪੈਸੇ ਰੱਖ ਕੇ ਬਕਾਲੇ ਨੱਗਰ ਵੱਲ ਸਿਰ ਝੁਕੱਾ ਕੇ ਮੱਥਾ ਟੇਕਦਿਆਂ ਸਿਰਫ਼ ਦੋ ਸ਼ਬਦ ਕਹੇ, "ਬਾਬਾ ਬਕਾਲੇ", ਪਰ ਇਸ ਗੱਲ ਦੀ ਸਾਫ਼ ਵਿਆਖਿਆ ਨਾ ਕੀਤੀ। ਭਾਵੇਂ ਗੱਲ ਗੁੰਝਲ ਵਾਲੀ ਨਹੀਂ ਸੀ, ਕਿਉਂਕਿ ਉਸ ਵੇਲੇ ਬਕਾਲੇ ਵਿਚ ਸਿਰਫ (ਗੁਰੂ) ਤੇਗ਼ ਬਹਾਦਰ ਜੀ ਹੀ ਸਨ, ਤੇ ਉਹ ਜੱਦ ਵਿਚੋਂ ਅੱਠਵੀਂ ਪਾਤਸ਼ਾਹ ਦੇ ਬਾਬਾ (ਦਾਦੇ ਦੇ ਭਰੱਾ) ਲਗਦੇ ਸਨ ।ਪਰ ਅੱਠਵੇਂ ਪਾਤਸ਼ਾਹ ਨੇ (ਗੁਰੂ) ਤੇਗ਼ ਬਹਾਦਰ ਜੀ ਦਾ ਨਾਮ ਨਹੀਂ ਸੀ ਲਿਆ । ਇਸ ਵਾਸਤੇ ਧੀਰ ਮੱਲ ਆਦਿ ਸੋਢੀਆਂ ਨੇ ਸੰਗਤ ਵਿਚ ਭੁਲੇਖਾ ਪਾਕੇ ਆਪ ਗੁਰੂ ਬਣਨ ਦਾ ਅਡੰਬਰ ਰਚ ਲਿਆ ।

ਧੀਰ ਮੱਲ, ਬਾਬਾ ਗੁਰਦਿੱਤਾ ਜੀ ਦਾ ਵੱਡਾ ਪੁੱਤਰ ਸੀ ।ਇਸ ਵਾਸਤੇ ਉਹ ਗੁਰਗੱਦੀ ਉਤੇ ਬਹੁਤਾ ਹੱਕ ਆਪਣਾ ਸਮਝਦਾ ਸੀ । ਫਿਰ ਗੁਰੂ ਅਰਜਨ ਦੇਵ ਜੀ ਦਾ ਤਿਆਰ ਕੀਤਾ ਗੁਰੂ ਗ੍ਰੰਥ ਸਾਹਿਬ ਵੀ ਓਸੇ ਕੋਲ ਸੀ । ਗੁਰੂ ਹਰਿ ਰਾਏ ਜੀ ਨੂੰ ਗੱਦੀ ਦੇਣ ਵੇਲੇ ਵੀ ਉਹਨੇ ਵਿਰੋਧ ਕੀਤਾ ਸੀ, ਪਰ ਓਦੋਂ ਉਹਦੀ ਪੇਸ਼ ਕੋਈ ਨਹੀਂ ਸੀ ਗਈ ।ਹੁਣ ਏਸ ਥੋੜੀ ਜੇਹੀ ਗੱਲ ਤੋਂ ਲੋਕਾਂ ਨੂੰ ਭੁਲੇਖਾ ਦੇ ਦੇਣਾ ਉਸਦੇ ਵਾਸਤੇ ਸੌਖਾ ਸੀ ।ਉਹ ਅੱਠਵੇਂ ਪਾਤਸ਼ਾਹ ਦਾ ਤਾਇਆ ਲਗਦਾ ਸੀ, ਤੇ ਆਮ ਬੋਲ ਚਾਲ ਵਿਚ ਤਾਏ ਨੂੰ 'ਬਾਬਾ' ਹੀ ਕਹਿੰਦੇ ਸਨ ।ਸੋ ਧੀਰ ਮੱਲ ਕਹਿੰਦਾ, ਕਿ ਗੁਰੂ ਜੀ ਦਾ ਇਸ਼ਾਰਾ ਸਿਰਫ਼ ਮੇਰੇ ਵਲ ਹੈ ।ਉਹ ਕਰਤਾਰ ਪੁਰੋਂ ਉਠਕੇ ਬਕਾਲੇ ਆ ਬੈਠਾ ।

ਧੀਰ ਮੱਲ ਵੱਲ ਵਖ ਕੇ ਕੁਛ ਹੋਰ ਸੋਢੀ ਵੀ ਬਕਾਲੇ ਆ ਬੈਠੇ ।ਇਕ ਗੁਰੂ ਦੀ ਥਾਂ ਕੇਈ ਗੁਰੂ ਬਣ ਬੈਠੇ ।ਅਜੇ ਤਕ ਰਵਾਇਤ ਚਲੀ ਆਉਂਦੀ ਹੈ, ਕਿ ਬਕਾਲੇ ਵਿਚ ਬਾਈ ਗੁਰੂ ਗੱਦੀਆਂ ਲਾ ਬੈਠੇ ।ਏਥੋਂ ਤਕ, ਕਿ ਸੂਰਜ ਪ੍ਰਕਾਸ਼ ਦੇ ਕਰਤਾ ਨੇ ਵੀ ਏਹਾ ਲਿਖਿਆ ਹੈ ।

"ਬੀਚ ਬਕਾਲੇ ਗੁਰੂ ਕਹਾਵੇ ।
ਦ੍ਵੈ ਬਿੰਸਤ ਗਾਦੀਨਿ ਪੁਜਾਵੇ ।"

(ਸੂਰਜ ਪ੍ਰਕਾਸ਼, ਰਾਸ ੧੧, ਅੰਸੂ ੪)

ਪਰ ਵਿਚਾਰ ਕਰਨ ਤੋਂ ਬਾਈ ਗੁਰੂ ਸਿੱਧ ਨਹੀਂ ਹੁੰਦੇ ।ਬੀਬੀ ਭਾਨੀ ਜੀ ਦੇ 'ਵਰ' ਗੁਰੂ ਰਾਮਦਾਸ ਜੀ ਦੀ ਬੰਸ ਵਿਚੋਂ ਹੀ ਕਿਸੇ ਨੇ ਗੁਰੂ ਬਣਨਾਂ ਸੀ ।੫੨ ਸਫੇ ਉਤੇ ਚੌਥੇ ਪਾਤਸ਼ਾਹ ਦੀ ਬੰਸਾਵਲੀ ਹੈ ।ਉਹ ਵੇਖਣ ਤੋਂ ਪਤਾ

ਲਗਦਾ ਹੈ, ਕਿ ਉਸ ਵੇਲੇ ਬਾਈ ਸੋਢੀ ਹੈ ਹੀ ਨਹੀਂ ਸਨ । ਸੋ ਬਾਈ ਦੀ ਗਿਣਤੀ ਠੀਕ ਨਹੀਂ ਜਾਪਦੀ । ਹਾਂ, ਇਕ ਤੋਂ ਵੱਧ ਸੋਢੀ ਗੁਰੂ ਜ਼ਰੂਰ ਬਣ ਬੈਠੇ ਸਨ, ਜਿੰਨ੍ਹਾਂ ਵਿਚੋਂ ਨਾਮਵਰ ਧੀਰ ਮੱਲ ਸੀ ।

ਜੰਗਲਾ

ਦਿੱਲੀ ਵਿਚ ਅਠਵੇਂ ਸਤਿਗੁਰ ਨੇ
ਵਾਕ ਸੀ ਇਹ ਫ਼ੁਰਮਾਇਆ
'ਵਿਚ ਬਕਾਲੈ ਬਾਬਾ ਹੈ ਜੇ'
ਇਹ ਕਹਿ ਸੀਸ ਝੁਕਾਇਆ
ਇਹ ਗੱਲ ਸੁਣ ਕੇ ਹਰ ਇਕ ਸੋਢੀ
ਵੱਲ ਬਕਾਲੇ ਧਾਇਆ
ਹਰ ਇਕ ਆਪ ਗੁਰੂ ਬਣ ਬੈਠਾ
ਤਖ਼ਤ ਸਿੰਘਾਸਣ ਲਾਇਆ

ਇਕ ਦੇ ਥਾਂ ਕੇਈ ਗੁਰੂ ਬਣੇ ਵੇਖ ਕੇ ਸੰਗਤ ਬੜੀ ਡਾਵਾਂ ਡੋਲ ਸੀ । ਲੋਕ ਕਿਸ ਨੂੰ ਸੱਚਾ ਸਮਝਣ ? ਹਰ ਇਕ ਬਣਾਉਟੀ ਗੁਰੂ ਦੇ ਮਸੰਦ, ਦੂਜਿਆਂ ਨਾਲੋਂ ਆਪਣੇ ਗੁਰੂ ਨੂੰ ਅਸਲੀ ਤੇ ਕਰਾਮਾਤੀ ਸਿੱਧ ਕਰਨ ਦਾ ਯਤਨ ਕਰਦੇ । ਸਭ ਤੋਂ ਵਧੇਰੇ ਬੋਲ-ਬਾਲਾ ਧੀਰ ਮਲ ਦਾ ਸੀ । ਉਸ ਕੋਲ ਗੁਰੂ ਗ੍ਰੰਥ ਸਾਹਿਬ ਦੀ ਬੀੜ ਤੇ ਬਹੁਤਾ ਧਨ ਹੋਣ ਦੇ ਕਾਰਨ ਵਧੇਰੇ ਮਸੰਦ ਓਸੇ ਨਾਲ ਜੁੜੇ ਹੋਏ ਸਨ ।

ਬਕਾਲੇ ਵਿਚ ਆਪੇ ਬਣੇ ਗੁਰੂਆਂ ਦੀ ਇਹ ਹਾਲਤ ਸੀ, ਜਾਂ ਮੱਖਣ ਸ਼ਾਹ ਦਾ ਜਥਾ ਓਥੇ ਪੁੱਜਾ । ਉਹਨਾਂ ਪਿੰਡੋਂ ਬਾਹਰ ਖੁੱਲ੍ਹੀ ਥਾਂ ਡੇਰਾ ਲਾ ਦਿੱਤਾ । ਤੰਬੂ ਲੱਗ ਗਏ, ਮਾਨੋ ਇਕ ਨਵਾਂ ਮਹੱਲਾ ਵੱਸ ਗਿਆ । ਘੋੜੇ, ਰਥ ਤੇ ਗੱਡੀਆਂ ਵੇਖ ਕੇ, ਉਸ ਦੇ ਅਮੀਰ ਹੋਣ ਦਾ ਕਿਸੇ ਨੂੰ ਭੁਲੇਖਾ ਨਾ ਰਿਹਾ । ਇਹ ਖ਼ਬਰਾਂ ਸੁਣ ਕੇ ਬਣਾਉਟੀ ਗੁਰੂਆਂ ਵਿਚ ਹਲਚਲ ਮੱਚ ਗਈ । ਹਰ ਇਕ ਨੇ ਆਪੋ ਆਪਣੇ ਮਸੰਦ ਮੱਖਣ ਸ਼ਾਹ ਵੱਲ ਭਜਾਏ । ਉਹਨਾਂ ਬੀਮਾ-ਕੰਪਨੀ ਦੇ ਏਜੰਟਾਂ ਵਾਂਗ ਮੱਖਣ ਸ਼ਾਹ ਨੂੰ ਘੇਰ ਲਿਆ, ਤੇ ਆਪੋ ਆਪਣੇ ਗੁਰੂ ਵੱਲੋਂ ਲਿਆਂਦਾ ਪ੍ਰਸਾਦ ਦਿੱਤਾ । ਕੇਈਆਂ ਤਾਂ ਪੇਸ਼ਗੀ

ਬੰਸਾਵਲੀ

ਗੁਰੂ ਰਾਮ ਦਾਸ ਜੀ ਸੋਢੀ

- ਪਿਰਥੀ ਚੰਦ ੧੬੧੫-੧੬੭੫ ਬਿ:
  - ਮਿਹਰਬਾਨ
    - ਕਰਨ ਮੱਲ
    - ਹਰਿਜੀ
      - ਗੁਰੂ ਹਰਿ ਸਹਾਏ ਦੇ ਸੋਢੀ
    - ਚਤਰਭੁਜ
- ਮਹਾਂਦੇਵ ੧੬੧੭-੧੬੬੨ ਬਿ.
- ਗੁਰੂ ਅਰਜਨ ਦੇਵ ਜੀ
  - ਗੁਰੂ ਹਰਿਗੋਬਿੰਦ ਜੀ
    - ਗੁਰਦਿੱਤਾ
      - ਧੀਰ ਮੱਲ
        - ਪਹਾੜ ਚੰਦ
          - ਨਿਰੰਜਨ ਦਾਸ
          - ਭੂਪਾ, ਕਰਤਾਰਪੁਰ (ਜਲੰਧਰ) ਦੇ ਸੋਢੀ
      - ਗੁਰੂ ਹਰਿ ਰਾਏ ਜੀ
        - ਰਾਮ ਰਾਏ
        - ਗੁਰੂ ਹਰਿਕ੍ਰਿਸ਼ਨ ਜੀ
    - ਸੂਰਜ ਮੱਲ
      - ਦੀਪ ਚੰਦ
        - ਗੁਲਾਬ ਰਾਏ
        - ਮਾਨ ਸਿੰਘ (ਸ਼ਾਮ ਸਿੰਘ)
          - ਅਨੰਦਪੁਰ ਦੇ ਸੋਢੀ
    - ਅਣੀਰਾਏ
    - ਅਟੱਲ ਰਾਏ
    - ਗੁਰੂ ਤੇਗ ਬਹਾਦਰ
      - ਗੁਰੂ ਗੋਬਿੰਦ ਸਿੰਘ ਜੀ

'ਅਸ਼ੀਰਵਾਦ' ਤੇ 'ਵਰ' ਵੀ ਦੇਣੇ ਸ਼ੁਰੂ ਕਰ ਦਿਤੇ । ਕੋਈ ਵਿਚੋਂ ਮੌਕਿਆ ਮਿਲਨ 'ਤੇ ਦੂਜੇ ਗੁਰੂਆਂ ਦੀ ਨਿੰਦਿਆ ਵੀ ਕਰਨ ਲੱਗ ਪੈਂਦੇ । ਇਹ ਹਾਲਤ ਵੇਖ ਕੇ ਮੱਖਣ ਸ਼ਾਹ ਬੜਾ ਹੈਰਾਨ ਹੋਇਆ ।

ਮਿਰਜ਼ਾ

ਸੁਣਿਆਂ ਮੱਖਣ ਸ਼ਾਹ ਨੇ ਹੋਇਆ ਬੜਾ ਹੈਰਾਨ
ਏਥੇ ਕੋਈ ਗੁਰੂ ਨੇ, ਪਰਗਟ ਹੋਏ ਆਨ
ਹਰ ਇਕ ਆਪਣੇ ਆਪ ਨੂੰ, ਦਸਦਾ ਬੜਾ ਮਹਾਨ
ਸਭ ਤੋਂ ਵਧ ਕੇ ਧੀਰ ਮੱਲ, ਸ਼ਾਹਾਂ ਵਰਗੀ ਸ਼ਾਨ
ਗੁਰੂ ਗ੍ਰੰਥ ਉਸ ਕੋਲ ਹੈ, ਜੋ ਸਿੱਖੀ ਦਾ ਗਿਆਨ
ਚੁਣਵੇਂ ਕੁੱਲ ਮਸੰਦ ਵੀ, ਨਾਲ ਜੁੜੇ ਹਨ ਆਨ
ਸ਼ਸ਼ਤਰ ਧਾਰੀ ਹੋਰ ਵੀ, ਰੱਖੇ ਕੋਲ ਜੁਆਨ
ਘੇਰ ਘੇਰ ਜੋ ਸੰਗਤਾਂ, ਉਸ ਦੇ ਵੱਲ ਲਿਆਨ
ਮੈਂ ਹੀ ਅਸਲੀ ਗੁਰੂ ਹਾਂ, ਉਹ ਨਿੱਤ ਕਰੇ ਬਖਾਨ
ਮੇਰੇ ਜੇਹਾ ਹੋਰ ਨਾ, ਸਾਰੇ ਵਿਚ ਜਹਾਨ
ਮੇਰੇ ਚਰਨੀ ਆ ਲੱਗੋ, ਚਾਹਵੇ ਜੋ ਕਲਿਆਨ
ਭਾਗੀ ਹੋਊ ਨਰਕ ਦਾ, ਝੁਕੇ ਨਾ ਜੋ ਇਨਸਾਨ
ਮੱਖਣ ਸ਼ਾਹ ਇਹ ਵੇਖ ਕੇ, ਸੋਚੇ ਨਾਲ ਧਿਆਨ
ਕਿਸ ਨੂੰ ਸੱਚਾ ਸਮਝੀਏ, ਹੇ ਮੇਰੇ ਭਗਵਾਨ

ਮੱਖਣ ਸ਼ਾਹ ਜਿੱਥੇ ਪੱਕਾ ਸ਼ਰਧਾਵਾਨ ਸਿੱਖ ਸੀ, ਓਥੇ ਸਮਝਦਾਰ ਵੀ । ਉਹ ਨਿਰਾ ਪੁਰਾ ਅੰਧ-ਵਿਸ਼ਵਾਸੀ ਨਹੀਂ ਸੀ । ਉਹ ਸਿੱਖੀ ਨੂੰ ਸਮਝਣ ਵਾਲਾ ਗਿਆਨਵਾਨ ਸੀ । ਇਸ ਵੇਲੇ ਆਪਣੇ ਨਾਲੋਂ ਉਹਨੂੰ ਸੰਗਤ ਦੀ ਚਿੰਤਾ ਬਹੁਤੀ ਸੀ । ਸਾਰੀ ਰਾਤ ਉਹਨੇ ਸੋਚਾਂ ਵਿਚ ਗੁਜ਼ਾਰ ਦਿੱਤੀ । ਅੰਮ੍ਰਿਤ ਵੇਲੇ ਪਾਠ ਕਰ ਕੇ ਉਹਨੇ ਅਰਦਾਸ ਕੀਤੀ । ਫਿਰ ਉਹ ਆਪਣੇ ਆਪ ਸੋਚਣ ਲੱਗਾ, 'ਗੁਰੂ ਅੰਤਰਜਾਮੀ ਹੈ । ਜੇ ਉਹ ਦਿਲ ਦੀ ਨਹੀਂ ਜਾਣਦਾ, ਤਾਂ ਗੁਰੂ ਕਾਹਦਾ ਹੋਇਆ ? ਜਹਾਜ਼ ਦੇ ਸੰਕਟ ਵੇਲੇ ਮੈਂ ਪੰਜ ਸੌ ਮੋਹਰ ਸੁੱਖੀ ਸੀ । ਏਸ ਗੱਲ ਨੂੰ ਮੈਥੋਂ ਬਿਨਾਂ ਹੋਰ ਕੋਈ ਨਹੀਂ ਜਾਣਦਾ । ਪਰ ਗੁਰੂ ਤਾਂ ਜਾਣਦਾ ਹੈ

ਨਾ ! ਬੱਸ, ਠੀਕ ਹੈ । ਦੋ ਦੋ ਮੋਹਰਾਂ ਰੱਖ ਕੇ ਸਭ ਨੂੰ ਮੱਥਾ ਟੇਕੀ ਜਾਊਂ । ਜਿਹੜਾ ਅਸਲੀ ਗੁਰੂ ਹੋਵੇਗਾ, ਉਹ ਆਪੇ ਪੰਜ ਸੌ ਮੋਹਰ ਮੰਗ ਲਵੇਗਾ ।'

ਮਨ ਨਾਲ ਇਹ ਫ਼ੈਸਲਾ ਕਰ ਕੇ ਮੱਖਣ ਸ਼ਾਹ ਗੁਰੂ ਦੀ ਭਾਲ ਵਿਚ ਤੁਰ ਪਿਆ ।

ਕਬਿੱਤ

ਕਰ ਅਰਦਾਸ, ਦਿਲ ਧਾਰ ਕੇ ਵਿਚਾਰ ਕੁਛ
ਪਹੁੰਚਿਆ ਮੱਖਣ, ਧੀਰ ਮੱਲ ਦੇ ਦੁਆਰ ਜੀ
ਪੰਜ ਮੋਹਰਾਂ ਰੱਖ ਕੇ ਗੁਰੂ ਗ੍ਰੰਥ ਸਾਹਿਬ ਅੱਗੇ
ਟੇਕਿਆ ਸੁ ਮੱਥਾ ਨਾਲ ਦਿਲੀ ਸਤਕਾਰ ਜੀ
ਦੋ ਮੋਹਰਾਂ ਰੱਖ ਫਿਰ ਧੀਰ ਮੱਲ ਸਾਮ੍ਹਣੇ ਵੀ
ਪਰਖਣ ਤੇ ਹੇਤ ਝੁਕ ਕੀਤੀ ਨਮਸਕਾਰ ਜੀ
ਧੀਰ ਮੱਲ ਨੇ ਵੀ ਅੱਗੋਂ ਦਿੱਤੇ 'ਵਰ' ਖੁੱਲ੍ਹੇ ਦਿਲ
ਦੱਸਿਆ ਨਾ ਆਇਆ ਸੀ ਜੋ ਸਿੱਖ ਮਨ ਧਾਰ ਜੀ

ਧੀਰ ਮੱਲ ਦਾ ਠਾਠ ਵੇਖ ਕੇ ਸਾਧਾਰਨ ਆਦਮੀ ਮੋਹਿਆ ਜਾਂਦਾ ਸੀ । ਇਕ ਪਾਸੇ ਸ਼ਾਨਦਾਰ ਤੰਬੂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ । ਪਹਿਲਾਂ ਆਈਆਂ ਸੰਗਤਾਂ ਓਥੇ ਮੱਥਾ ਟੇਕਿਆ ਕਰਦੀਆਂ । ਨਾਲ ਹੀ ਦੂਜੇ ਪਾਸੇ ਓਹੋ ਜੇਹੇ ਸ਼ਾਨਦਾਰ ਸ਼ਾਮਿਆਨੇ ਥੱਲੇ ਬਾਦਸ਼ਾਹਾਂ ਵਾਂਗ ਤਖ਼ਤ ਸਜਾ ਕੇ ਧੀਰ ਮੱਲ ਸਿੰਘਾਸਣ 'ਤੇ ਬਹਿੰਦਾ । ਅੱਗੇ ਪਿੱਛੇ ਪਹਿਰੇਦਾਰ ਤੇ ਚੌਰ ਕਰਨ ਵਾਲੇ ਖਲੇ ਰਹਿੰਦੇ ।

ਮੱਖਣ ਸ਼ਾਹ ਨੇ ਪਹਿਲਾਂ ਪੰਜ ਮੋਹਰਾਂ ਗੁਰੂ ਗ੍ਰਥ ਸਾਹਿਬ ਅੱਗੇ ਰੱਖ ਕੇ ਮੱਥਾ ਟੇਕਿਆ, ਨਾਲ ਹੀ ਮਨ ਦਾ ਸ਼ੰਕਾ ਨਵਿਰਤ ਕਰਨ ਵਾਸਤੇ ਗੁਰੂ ਨਾਨਕ ਨਿਰੰਕਾਰੀ ਅੱਗੇ ਅਰਦਾਸ ਕੀਤੀ। ਫਿਰ ਮੱਖਣ ਸ਼ਾਹ ਧੀਰ ਮੱਲ ਦੇ ਸਾਮ੍ਹਣੇ ਹਾਜ਼ਰ ਹੋਇਆ। ਦਿਲ ਵਿਚ ਮਿਥੇ ਹੋਏ ਮਨਸੂਬੇ ਅਨੁਸਾਰ ਉਹਨੇ ਦੋ ਮੋਹਰਾਂ ਰੱਖ ਕੇ ਨਮਸਕਾਰ ਕੀਤੀ । ਦੋ ਮੋਹਰਾਂ ਵੇਖ ਕੇ ਧੀਰ ਮੱਲ ਖ਼ੁਸ਼ ਤਾਂ ਨਾ ਹੋਇਆ, ਪਰ ਇਹ ਸੋਚ ਕੇ, ਕਿ ਸਿੱਖ ਚੰਗਾ ਧਨਾਢ ਹੈ, ਤੇ ਵ੍ਾਪਸ ਤੁਰਨ ਲੱਗਾ ਵਧੇਰੇ ਮਾਇਆ ਅਰਦਾਸ ਕਰਾਏਗਾ, ਬੜੇ ਖੁੱਲ੍ਹੇ ਦਿਲ ਨਾਲ

ਅਸ਼ੀਰਵਾਦ ਤੇ ਵਰ ਦਿਤੇ ।ਧੀਰ ਮੱਲ ਨੇ ਮੱਖਣ ਸ਼ਾਹ ਨੂੰ ਖ਼ੁਸ਼ ਕਰਨ ਬਦਲੇ ਆਪਣੇ ਹੱਥੀਂ ਪ੍ਰਸਾਦਿ ਤੇ ਸਿਰੋਪਾਉ ਦਿਤਾ ।ਇਹ ਸਭ ਕੁਛ ਹੋਇਆ, ਪਰ ਸਿੱਖ ਦੇ ਦਿਲ ਦੀ ਨਾ ਬੁੱਝੀ ਗਈ ।ਅੰਤ ਨਿਰਾਸ ਚਿੱਤ ਮੱਖਣ ਸ਼ਾਹ ਉਥੋਂ ਵਿਦਿਆ ਹੋਇਆ ।

ਫਿਰ ਉਹ ਬਾਕੀ ਗੁਰੂਆਂ ਦੇ ਡੇਰੇ ਵੀ ਗਿਆ ।ਉਹਨੇ ਹਰ ਇਕ ਅੱਗੇ ਦੋ-ਦੋ ਮੋਹਰਾਂ ਰੱਖ ਕੇ ਮੱਥਾ ਟੇਕਿਆ, ਤੇ ਸ਼ੰਕਾ ਨਵਿਰਤੀ ਵਾਸਤੇ ਬੇਨਤੀ ਕੀਤੀ ।ਅਸ਼ੀਰਵਾਦ ਤਾਂ ਹਰ ਇਕ ਨੇ ਚੜ੍ਹਦੀ ਤੋਂ ਚੜ੍ਹਦੀ ਦਿਤੀ, ਪਰ ਉਹਦੇ ਦਿਲ ਦੀ ਭਾਵਨਾ ਕਿਸੇ ਪੂਰੀ ਨਾ ਕੀਤੀ ।ਜਦ ਸ਼ਾਮ ਨੂੰ ਉਹ ਡੇਰੇ ਪਰਤਿਆ, ਤਾਂ ਬਹੁਤ ਹੀ ਉਦਾਸ ਸੀ ।

ਉਸ ਰਾਤ ਉਹਨੇ ਖਾਧਾ ਪੀਤਾ ਕੁਛ ਨਹੀਂ ।ਸਾਰੀ ਰਾਤ ਉਹ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਰਿਹਾ ।ਅੰਤ ਉਹਨੇ ਇਹ ਪ੍ਰਤੱਗਿਆ ਕੀਤੀ ।

ਸਾਕਾ

ਮੱਖਣ ਸ਼ਾਹ ਹੱਥ ਬੰਨ੍ਹ ਕੇ ਅਰਦਾਸ ਗੁਜ਼ਾਰੀ
ਜਿਤਨੇ ਬੈਠੇ ਬਣੇ ਨੇ ਇਹ ਗੁਰ ਬਲਕਾਰੀ
ਪਰਖ ਆਇਆ ਮੈਂ ਸਤਿਗੁਰੂ ਸਭ ਵਾਰੋ ਵਾਰੀ
ਦੂਰ ਨਾ ਕੀਤੀ ਕਿਸੇ ਨੇ, ਪ੍ਰਭ ਚਿੰਤ ਹਮਾਰੀ
ਅਸਲੀ ਸਤਿਗੁਰ ਕੌਣ ਹੈ ? ਇਹ ਉਲਝਣ ਭਾਰੀ
ਫਿਰਦੀ ਡਾਵਾਂ ਡੋਲ ਹੈ ਸੰਗਤ ਵੇਚਾਰੀ
ਹੋਵੇ ਹੱਲ ਸੁਆਲ ਨਾ, ਬਿਨ ਮਿਹਰ ਤੁਹਾਰੀ
ਤਾਂ ਮੈਂ ਮੂੰਹ ਅੰਨ ਪਾਵਣਾ, ਗੱਲ ਸੁਲਝੇ ਸਾਰੀ

ਨਿਤਨੇਮ ਕਰਨ ਪਿੱਛੋਂ ਗੁਰੂ ਨਾਨਕ ਦੇਵ ਜੀ ਨੂੰ ਹਾਜ਼ਰ ਨਾਜ਼ਰ ਜਾਣ ਕੇ ਮੱਖਣ ਸ਼ਾਹ ਨੇ ਅਰਦਾਸ ਕੀਤੀ, 'ਸੱਚੇ ਪਾਤਸ਼ਾਹ ! ਜਿੰਨੇ ਗੁਰੂ ਗੱਦੀਆਂ ਲਾਈ ਬੈਠੇ ਨੇ, ਸਭ ਨੂੰ ਪਰਖ ਆਇਆ ਹਾਂ ।ਮਨ ਦਾ ਭਰਮ ਨਹੀਂ ਮਿਟਿਆ ।ਮੈਨੂੰ ਤਸੱਲੀ ਹੈ, ਕਿ ਇਹਨਾਂ ਵਿਚੋਂ ਅਸਲੀ ਗੁਰੂ ਕੋਈ ਨਹੀਂ । ਨਾ ਜਾਣਾ ਹਜ਼ੂਰ ਦੀ ਜੋਤ ਕਿੱਥੇ ਛਪਨ ਹੈ ? ਸੰਗਤ ਵਿਚਾਰੀ ਬੂਹੇ ਬੂਹੇ ਭਟਕਦੀ ਫਿਰਦੀ ਹੈ ।ਮਹਾਰਾਜ ! ਹੁਣ ਹੋਰ ਇਹ ਹਨ੍ਹੇਰ ਵੇਖ ਕੇ ਨਹੀਂ

ਸਹਾਰਿਆ ਜਾਂਦਾ ।ਮੈਂ ਨਾਚੀਜ਼ ਸੇਵਕ ਕਾਸੇ ਜੋਗਾ ਨਹੀਂ, ਪਰ ਜਿੰਨਾਂ ਚਿਰ ਅਸਲੀ ਗੁਰੂ ਦੇ ਦਰਸ਼ਨ ਨਹੀਂ ਕਰ ਲਵਾਂਗਾ, ਅੰਨ ਮੂੰਹ ਨਹੀਂ ਪਾਵਾਂਗਾ। ਭੁੱਖਾ ਰਹਿ ਕੇ ਪ੍ਰਾਣ ਤਿਆਗ ਦਿਆਂਗਾ ।'

ਮੱਖਣ ਸ਼ਾਹ ਦੀ ਇਹ ਕਠਨ ਪ੍ਰਤੱਗਿਆ ਸੁਣ ਕੇ, ਉਹਦੇ ਨਾਲ ਦੀ ਸੰਗਤ ਅਥਾਹ ਚਿੰਤਾ ਵਿਚ ਡੁੱਬ ਗਈ । ਮੱਖਣ ਸ਼ਾਹ ਫਿਰ ਸਮਾਧੀ ਲਾ ਕੇ ਬੈਠ ਗਿਆ ।ਉਹਦੇ ਸਾਥੀ ਲੱਗੇ ਪਿੰਡ ਵਿਚੋਂ ਕਿਸੇ ਹੋਰ ਸੋਢੀ ਦਾ ਪਤਾ ਕਢਣ ।ਪੁਛਦਿਆਂ ਦਸਦਿਆਂ ਪਿੰਡ ਦੇ ਲੋਕਾਂ ਕੋਲੋਂ ਪਤਾ ਲੱਗਾ, ਕਿ ਏਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪੁੱਤਰ ਤੇਗ਼ ਬਹਾਦਰ ਰਹਿੰਦਾ ਹੈ ।ਅਸਲੀ ਏਥੇ ਓਹੋ ਰਹਿੰਦਾ ਹੈ, ਬਾਕੀ ਸਾਰੇ ਬਾਹਰੋਂ ਆ ਕੇ ਬੈਠੇ ਹਨ ।

ਇਹ ਖ਼ਬਰ ਸੁਣ ਕੇ ਮੱਖਣ ਸ਼ਾਹ ਦੇ ਗੱਲ ਦਿਲ ਲੱਗੀ ।ਉਹ ਸੋਚਣ ਲੱਗਾ, 'ਪੱਕੀ ਤਰ੍ਹਾਂ ਉਹ ਏਥੇ ਰਹਿੰਦਾ ਹੈ ।ਉਹ ਲੱਗਾ ਵੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਦਾ ਬਾਬਾ । ਤੇ ਜਦ ਅੱਠਵੇਂ ਪਾਤਸ਼ਾਹ ਜੋਤੀ ਜੋਤ ਸਮਾਏ, ਓਦੋਂ ਸਿਰਫ਼ ਓਹਾ ਏਥੇ ਸੀ । ਬਾਕੀ ਸਾਰੇ ਬਾਹਰੋਂ ਆ ਕੇ ਬੈਠੇ ਹਨ । ਬਾਬਾ ਬਕਾਲੇ । ਕੀ ਅਸਲੀ ਗੁਰੂ ਓਹੋ ਤਾਂ ਨਹੀਂ ? ਹੇ ਸੱਚੇ ਪਾਤਸ਼ਾਹ! ਮੇਰੀ ਘਾਲਣਾ ਸਫ਼ਲ ਹੋਵੇ ।ਮੇਰੇ ਮਨ ਦਾ ਭਰਮ ਉਹ ਦੂਰ ਕਰ ਦੇਣ ।' ਇਹ ਸੋਚਾਂ ਸੋਚਦਾ ਮੱਖਣ ਸ਼ਾਹ ਓਸੇ ਵੇਲੇ ਉਠ ਕੇ ਤੁਰ ਪਿਆ । ਉਹਦੇ ਸਾਥ ਆਈ ਸੰਗਤ ਵੀ ਉਹਦੇ ਮਗਰ ਲੱਗ ਤੁਰੀ।

ਏਸ ਗੱਲ ਦਾ ਪਤਾ ਲੱਗਾ, ਤਾਂ ਬਾਕੀ ਗੁਰੂਆਂ ਦੇ ਮਸੰਦਾਂ ਨੇ ਆ ਮੱਖਣ ਸ਼ਾਹ ਨੂੰ ਘੇਰਿਆ । ਖ਼ਾਸ ਕਰ ਧੀਰ ਮੱਲ ਦੇ ਮਸੰਦ ਵਧੇਰੇ ਰੁਕਾਵਟ ਪਾਉਣ ਦਾ ਯਤਨ ਕਰਨ ਲੱਗੇ । ਉਹ ਆਖਣ ਲੱਗੇ, "ਤੁਹਾਡੇ ਵਰਗੇ ਭਲੇ ਪੁਰਸ਼ ਨੂੰ ਉਸ ਕੋਲ ਨਹੀਂ ਜਾਣਾ ਚਾਹੀਦਾ । ਉਹ ਤਾਂ 'ਤੇਗਾ' ਦੀਵਾਨਾ ਹੈ ।ਨਾ ਉਹ ਕਿਸੇ ਨਾਲ ਬੋਲੇ ਨਾ ਚੱਲੇ ।ਉਹਨੂੰ ਤਾਂ ਦੁਨੀਆਂ ਦੀ ਸੋਝੀ ਹੀ ਕੋਈ ਨਹੀਂ ।ਹਰ ਵੇਲੇ ਉਹ ਇਕ ਛੋਟੀ ਜੇਹੀ ਕੋਠੜੀ ਵਿਚ ਵੜਿਆ ਰਹਿੰਦਾ ਹੈ ।ਨਾ ਜਾਣੀਏਂ, ਉਹ ਅੱਗੋਂ ਚੰਗਾ ਮੰਦਾ ਬੋਲ ਦੇਵੇ । ਸੋ ਤੁਹਾਨੂੰ ਉਹਦੇ ਕੋਲ ਨਹੀਂ ਜਾਣਾ ਚਾਹੀਦਾ।"

ਮੱਖਣ ਸ਼ਾਹ ਆਪਣੀ ਧੁਨ ਦਾ ਪੱਕਾ ਸੀ । ਉਹਨੇ ਮਸੰਦਾਂ ਦੀਆਂ ਅਜੇਹੀਆਂ ਗੱਲਾਂ ਦੀ ਕੋਈ ਪਰਵਾਹ ਨਾ ਕੀਤੀ। ਚਲਦਾ ਚਲਦਾ ਉਹ

(ਗੁਰੂ) ਤੇਗ਼ ਬਹਾਦਰ ਜੀ ਦੇ ਮਕਾਨ 'ਤੇ ਪਹੁੰਚ ਗਿਆ । ਬੜਾ ਮਾਮੂਲੀ ਜੇਹਾ ਘਰ ਸੀ । ਉਹਦੇ ਇਕ ਭੋਰ੍ਹੇ ਵਰਗੇ ਛੋਟੇ ਜੇਹੇ ਕਮਰੇ ਵਿਚ ਗੁਰੂ ਮਹਾਰਾਜ ਹਰ ਵੇਲੇ ਤਪ ਕਰਦੇ ਰਹਿੰਦੇ ਸਨ । ਗੁਰੂ ਅੰਸ ਸਮਝ ਕੇ ਜਾਣੂ ਸਿੱਖ ਥੋੜਾ ਬਹੁਤ ਚੜ੍ਹਾਵਾ ਚੜ੍ਹਾ ਜਾਂਦੇ ਸਨ । ਉਸੇ ਨਾਲ ਪਰਵਾਰ ਦਾ ਨਿਰਬਾਹ ਹੁੰਦਾ ਸੀ । ਆਏ ਗਏ ਨੂੰ ਗੁਰੂ ਤੇਗ਼ ਬਹਾਦਰ ਦੀ ਮਾਤਾ (ਮਾਤਾ ਨਾਨਕੀ) ਜੀ ਮਿਲਦੇ ਸਨ ।

ਮੱਖਣ ਸ਼ਾਹ ਬੂਹੇ 'ਤੇ ਪੁੱਜਾ, ਤਾਂ ਮਾਤਾ ਨਾਨਕੀ ਜੀ ਨੇ 'ਜੀ ਆਇਆਂ' ਕਹਿ ਕੇ ਉਸ ਦਾ ਆਦਰ ਕੀਤਾ । ਮੱਖਣ ਸ਼ਾਹ ਨੇ ਨਮਸਕਾਰ ਕਰ ਕੇ ਕਿਹਾ, "ਮਾਤਾ ਜੀ! ਮੈਂ ਗੁਰੂ ਤੇਗ਼ ਬਹਾਦਰ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ।" ਉਹਦੀ ਆਤਮਾ ਵਿਚੋਂ ਵਾਜ ਆ ਰਹੀ ਸੀ, ਕਿ ਅਸਲੀ ਗੁਰੂ ਜ਼ਰੂਰ ਏਹਾ ਹਨ ।

ਮੱਖਣ ਸ਼ਾਹ ਦੇ ਮਗਰ ਚੋਖੀ ਭੀੜ ਸੀ । ਉਹਦੇ ਸਾਥੀ ਵੀ ਸਨ ਤੇ ਬਾਕੀ ਬਣਾਉਟੀ ਗੁਰੂਆਂ ਦੇ ਮਸੰਦ ਵੀ। ਵੇਖ ਕੇ ਮਾਤਾ ਜੀ ਨੇ ਉੱਤਰ ਦਿਤਾ, "ਬੇਟਾ! ਓਥੇ ਸਿਰਫ਼ ਇਕ ਦੋ ਆਦਮੀਆਂ ਦੇ ਬੈਠਣ ਦੀ ਥਾਂ ਹੈ। ਤੁਸੀਂ ਇੱਕਲੇ ਚੱਲ ਕੇ ਦਰਸ਼ਨ ਕਰਨਾ ਚਾਹੋ, ਤਾਂ ਚੱਲ ਸਕਦੇ ਹੋ।"

ਮਾਤਾ ਜੀ ਦੇ ਨਾਲ ਮੱਖਣ ਸ਼ਾਹ ਇੱਕਲਾ ਅੰਦਰ ਗਿਆ । ਅੱਗੇ ਨਿਰੰਕਾਰੀ ਜੋਤ ਗੁਰੂ ਤੇਗ਼ ਬਹਾਦਰ ਜੀ ਸਮਾਧੀ ਲਾਈ ਬੈਠੇ ਸਨ । ਵੇਖਦੇ ਸਾਰ ਮੱਖਣ ਸ਼ਾਹ ਦਾ ਸਿਰ ਸ਼ਰਧਾ ਨਾਲ ਝੁਕ ਗਿਆ। ਫਿਰ ਮਨ ਦੀ ਤਸੱਲੀ ਵਾਸਤੇ ਉਹਨੇ ਦੋ ਮੋਹਰਾਂ ਅੱਗੇ ਰੱਖ ਕੇ ਮੱਥਾ ਟੇਕਿਆ ।

ਬੈਂਤ

ਪੁਛਦਾ ਦੱਸਦਾ ਭਾਲਦਾ ਜਾਏ ਪਹੁੰਚਾ
ਜਿੱਥੇ ਬੈਠੇ ਸਨ ਸ਼ਾਂਤੀ ਅਵਤਾਰ ਭਾਈ
ਚਰਨ ਛੂਹ ਪਹਿਲਾਂ ਮਾਤਾ ਨਾਨਕੀ ਦੇ
ਕੀਤਾ ਗੁਰਾਂ ਦਾ ਫੇਰ ਦੀਦਾਰ ਭਾਈ
ਬੈਠੇ ਸ਼ਾਂਤ ਸਰੂਪ ਲਗਾਏ ਬਿਰਤੀ
ਲਿਵ ਜੁੜੀ ਸੀ ਨਾਲ ਕਰਤਾਰ ਭਾਈ
ਮੋਹਰਾਂ ਦੋ ਧਰ ਕੇ ਮੱਥਾ ਟੇਕਿਆ ਜਾ

ਮੱਖਣ ਸ਼ਾਹ ਨੇ ਨਾਲ ਸਤਕਾਰ ਭਾਈ
ਫੇਰ ਕਿਹਾ, 'ਨਿਵਾਰੀਏ ਭਰਮ ਮੇਰਾ'
ਸੁਣ ਕੇ ਹੱਸ ਪਈ ਸੱਚੀ ਸਰਕਾਰ ਭਾਈ
'ਮੋਹਰਾਂ ਦੋ ਧਰ ਕੇ ਦਿਲ ਦੇ ਭੇਤ ਪੁੱਛੇਂ
ਸਮਝੇਂ ਧਰਮ ਵੀ ਵਣਜ ਵਪਾਰ ਭਾਈ
ਪਹਿਲਾਂ ਰੱਖ ਦਸਵੰਧ ਦੀ ਮੋਹਰ ਪੰਜ ਸੌ
ਘਰੋਂ ਤੁਰਿਆ ਜੋ ਕਰ ਕੇ ਇਕਰਾਰ ਭਾਈ
ਪੁੱਛੀਂ ਫੇਰ ਜਹਾਜ਼ ਦੀ ਕਥਾ ਸਾਥੋਂ
ਜਿਵੇਂ ਲੱਗਿਆ ਸਾਗਰੋਂ ਪਾਰ ਭਾਈ
ਸਿੱਖਾ! ਵੇਖ ਕੇ ਸਿਦਕ ਅਡੋਲ ਤੇਰਾ
ਕੀਤਾ ਅਸਾਂ ਆਪਣਾ ਆਪ ਜ਼ਾਹਰ ਭਾਈ
ਐਪਰ ਰੱਖੀਂ ਲੁਕਾਇਕੇ ਭੇਤ ਸਾਡਾ
ਪਰਗਟ ਕਰੀਂ ਨਾ ਵਿਚ ਸੰਸਾਰ ਭਾਈ'

ਆਪਣੇ ਮਨ ਦਾ ਭਰਮ ਮਿਟਾਉਣ ਵਾਸਤੇ ਮੱਖਣ ਸ਼ਾਹ ਨੇ ਹਜ਼ੂਰ ਅੱਗੇ ਵੀ ਦੋ ਮੋਹਰਾਂ ਰੱਖ ਕੇ ਮੱਥਾ ਟੇਕਿਆ। ਨਾਲ ਹੀ ਉਹਨੇ ਹੱਥ ਜੋੜ ਕੇ ਬੜੀ ਨਿਮਰਤਾ ਨਾਲ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਬਥੇਰਾ ਭਟਕ ਥੱਕਾ ਹਾਂ। ਮੇਰੇ ਮਨ ਦਾ ਭਰਮ ਦੂਰ ਕਰੋ।"

ਸੁਣ ਕੇ ਗੁਰੂ ਮਹਾਰਾਜ ਥੋੜਾ ਜਿਹਾ ਮੁਸਰਾਏ, ਤੇ ਕਹਿਣ ਲੱਗੇ, "ਸਿੱਖਾ! ਬੜਾ ਔਖਾ ਸਵਾਲ ਕੀਤਾ ਹਈ। ਸਾਨੂੰ ਮਾਇਆ ਦੀ ਲੋੜ ਨਹੀਂ। ਪਰ ਮਾਇਆ ਮੰਗਿਆ ਬਿਨਾਂ ਤੇਰਾ ਭਰਮ ਨਵਿਰਤ ਨਹੀਂ ਹੋਣਾ ਸੋ ਇਹ ਦੋ ਮੋਹਰਾਂ ਤਾਂ ਅਸਾਂ ਲੈਣੀਆਂ ਨਹੀਂ, ਨਾ ਹੀ ਸਾਡੀਆਂ ਹਨ। ਸਾਡੀ ਤਾਂ ਦਸਵੰਧ ਦੀ ਪੰਜ ਸੌ ਮੋਹਰ ਹੈ, ਜੋ ਜਹਾਜ਼ ਬੰਨੇ ਲਾਉਣ ਵਾਸਤੇ ਸੁੱਖੀ ਸੀ। ਉਹ ਸਾਡੀ ਅਮਾਨਤ ਸਾਡੇ ਹਵਾਲੇ ਕਰ ਦਿਹ। ਫਿਰ ਤੇਰੇ ਦਿਲ ਦਾ ਭਰਮ ਆਪੇ ਮਿਟ ਜਾਏਗਾ।"

ਸੁਣ ਕੇ ਮੱਖਣ ਸ਼ਾਹ ਨਿਹਾਲ ਹੋ ਗਿਆ। ਉਹ ਗਦਗਦ ਹੋ ਕੇ ਹਜ਼ੂਰ ਦੇ ਚਰਨਾਂ 'ਤੇ ਢਹਿ ਪਿਆ। ਮਹਾਰਾਜ ਨੇ ਸਿਰ 'ਤੇ ਹੱਥ ਧਰ ਕੇ ਕਿਹਾ, "ਪ੍ਰੇਮੀਆਂ! ਤੇਰੀ ਭਾਵਨਾ ਪੂਰੀ ਹੋ ਗਈ, ਪਰ ਸਾਨੂੰ ਅਜੇ ਬਾਹਰ ਪਰਗਟ ਨਾ ਕਰੀਂ।"

ਮੱਖਣ ਸ਼ਾਹ ਨੇ ਹੱਥ ਜੋੜ ਕੇ ਕਿਹਾ, "ਮਹਾਰਾਜ! ਸੰਗਤਾਂ ਦਾ ਦੁੱਖ

ਮੈਥੋਂ ਸਹਾਰਿਆ ਨਹੀਂ ਜਾਂਦਾ । ਭਟਕਦੀਆਂ ਸੰਗਤਾਂ ਨੂੰ ਸ਼ਾਂਤ ਕਰਨ ਵਾਸਤੇ ਹੁਣ ਤਾਂ ਹਜ਼ੂਰ ਨੂੰ ਪਰਗਟ ਹੋਣਾ ਹੀ ਪਵੇਗਾ ।"

ਮੱਖਣ ਸ਼ਾਹ ਖ਼ੁਸ਼ੀ ਵਿਚ ਦੀਵਾਨਾ ਹੋਇਆ ਹੋਇਆ ਬਾਹਰ ਨਿਕਲ ਆਇਆ, ਤੇ ਉੱਚੀ ਥਾਂ 'ਤੇ ਖਲੋ ਕੇ, ਪੱਲਾ ਫੇਰ ਕੇ ਉੱਚੀ ਉੱਚੀ ਆਖਣ ਲੱਗਾ, "ਗੁਰੂ ਲਾਧੋ ਰੇ, ਗੁਰੂ ਲਾਧੋ ਰੇ।"

ਸਾਕਾ

ਉੱਚੇ ਚੜ੍ਹ ਕੇ ਮੱਖਣ ਸ਼ਾਹ ਇਉਂ ਖਲਾ ਪੁਕਾਰੇ
ਸੱਚਾ ਗੁਰੂ ਮੈਂ ਲੱਭ ਲਿਆ, ਆਉ ਤਕ ਲਉ ਸਾਰੇ
ਸਾਗਰ ਦੇ ਵਿਚ ਡੁੱਬਦੇ ਜਿਸ ਬੇੜੇ ਤਾਰੇ
ਇਸ ਭਵਜਲ ਤੋਂ ਵੀ ਉਹਾ ਫਿਰ ਪਾਰ ਉਤਾਰੇ
ਗੱਦੀਆਂ ਵਾਲੇ ਹੋਰ ਜੋ ਰਹੇ ਪਿੱਟ ਨਗਾਰੇ
ਸਭ ਪਾਖੰਡੀ ਹੈਨ ਉਹ, ਮੈਂ ਤੱਕ ਲਏ ਸਾਰੇ

ਗੁਰੂ ਮਹਾਰਾਜ ਦੇ ਬੂਹੇ ਅੱਗੇ ਢੇਰ ਲੋਕ ਕੱਠੇ ਹੋਏ ਖਲੇ ਸਨ ।ਮੱਖਣ ਸ਼ਾਹ ਨੇ ਸਭ ਨੂੰ ਸੰਬੋਧਨ ਕਰ ਕੇ ਕਿਹਾ, 'ਭੁੱਲੇ ਲੋਕੋ! ਅਸਲੀ ਗੁਰੂ ਲੱਭ ਲਿਆ ਹੈ ।ਆਉ ਦਰਸ਼ਨ ਪਾ ਕੇ ਜਨਮ ਸਫ਼ਲਾ ਕਰੋ।" ਫਿਰ ਉਹਨੇ ਪੰਜ ਸੌ ਮੋਹਰ ਤੇ ਜਹਾਜ਼ ਵਾਲੀ ਸਾਖੀ ਥੋੜੇ ਜਿਹੇ ਸ਼ਬਦਾਂ ਵਿਚ ਲੋਕਾਂ ਨੂੰ ਸੁਣਾਈ । ਨਾਲ ਹੀ ਉਹਨੇ ਆਪਣੇ ਆਦਮੀ ਡੇਰੇ ਵੱਲ ਭਜਾਏ, ਕਿ ਲੋੜੀਂਦੀ ਸਾਮੱਗਰੀ ਲੈ ਆਉਣ। ਉਹਨੇ ਗੁਰੂ ਘਰ ਦੇ ਮੁਖੀ ਸਿੱਖ ਸੱਦ ਕੇ ਸਾਰੀ ਗੱਲ ਬਾਤ ਸੁਣਾਈ ।ਸਾਰਿਆਂ ਦੇ ਵਿਚਾਰ ਇਕ ਥਾਂ ਮਿਲ ਗਏ, ਕਿ ਅਸਲੀ ਗੁਰੂ ਏਹਾ ਹਨ ।

ਉਸ ਦਿਨ ਸੋਮਵਾਰ ਸੀ ।ਬੜੀ ਸਜ ਧਜ ਨਾਲ ਗੁਰੂ ਤੇਗ਼ ਬਹਾਦਰ ਜੀ ਨੂੰ ਗੁਰਗੱਦੀ 'ਤੇ ਬਿਠਾਉਣ ਦੀ ਰਸਮ ਅਦਾ ਕੀਤੀ ਗਈ ।

ਮਿਰਜ਼ਾ

ਮੱਖਣ ਸ਼ਾਹ ਨੇ ਸਾਮਾਨ ਲਿਆਇਕੇ
ਗੱਦੀ ਦਿੱਤੀ ਪੂਰੀ ਸ਼ਾਨ ਦੀ ਸਜਾ
ਜਿਹੜੀ ਘਰੋਂ ਸੀ ਲਿਆਂਦੀ ਬਣਵਾਇ ਕੇ
ਦਿੱਤੀ ਗੁਰਾਂ ਨੂੰ ਪੁਸ਼ਾਕ ਉਹ ਪੁਆ

ਪੂਰੇ ਆਦਰ ਦੇ ਨਾਲ ਮਹਾਰਾਜ ਨੂੰ
ਫਰ ਦਿਤਾ ਗੁਰਗੱਦੀ 'ਤੇ ਬਿਠਾਂ
ਮੱਥਾ ਚਰਨਾਂ 'ਤੇ ਫੇਰ ਉਸ ਟੇਕਿਆ
ਭੇਟਾ ਪੰਜ ਸੋ ਮੋਹਰ ਚੜ੍ਹਾਂ
ਤੁਹਫ਼ੇ ਹੋਰ ਜੋ ਲਿਆਂਦੇ ਪਰਦੇਸ 'ਚੋਂ
ਸਭ ਦਿਤੇ ਨੇ ਹਜ਼ੂਰੀ 'ਚ ਟਿਕਾਂ
ਹੋਈਆਂ ਸੁਣ ਸੁਣ ਸੰਗਤਾਂ ਕੱਠੀਆਂ
ਘੇਰਾ ਲਿਆ ਮਹਾਰਾਜ ਨੂੰ ਪਾ
ਯਥਾ ਸ਼ਕਤ ਚੜ੍ਹਾਵਾ ਰੱਖ ਸਾਮ੍ਹਣੇ
ਰਿਹਾ ਹਰ ਇਕ ਸੀਸ ਝੁਕਾ ।
ਟਿੱਕਾ ਲਾ ਕੇ ਗੁਰਗੱਦੀ ਦਾ ਹਜ਼ੂਰ ਨੂੰ
ਫੇਰ ਦਿਤਾ ਪਰਸਾਦ ਵਰਤਾਂ

ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਚੇਤ ਸੁਦੀ ੧੪ (੩ ਵਿਸਾਖ) ੧੭੨੧ ਬਿ. (੩੦ ਮਾਰਚ, ੧੬੬੪ ਈ.) ਨੂੰ ਦਿੱਲੀ ਵਿਚ ਜੋਤੀ ਜੋਤ ਸਮਾਏ ਸਨ । ਲਗਭਗ ਇਕ ਸਾਲ ਗੁਰਗੱਦੀ, ਅਮਲੀ ਤੌਰ 'ਤੇ ਖ਼ਾਲੀ ਰਹੀ। ਗੁਰੂ ਤੇਗ਼ ਬਹਾਦਰ ਜੀ ਚੇਤ ਸੁਦੀ ੧ (੨੪ ਚੇਤ) ੧੭੨੨ ਬਿ. (੨੦ ਮਾਰਚ, ੧੬੬੫ ਈ.) ਨੂੰ ਗੁਰਗੱਦੀ ਤੇ ਬਿਠਾਏ ਗਏ ।

ਮੱਖਣ ਸ਼ਾਹ ਦੇ ਡੇਰੇ ਦੀ ਸਾਰੀ ਸੰਗਤ ਆ ਗਈ । ਹੋਰ ਵੀ ਸੰਗਤਾਂ ਖ਼ਬਰ ਸੁਣ ਕੇ ਹੁੰਮ ਹੁੰਮਾ ਕੇ ਆਈਆਂ। ਬੜਾ ਸ਼ਾਨਦਾਰ ਮੰਡਪ ਸਜਾਇਆ ਗਿਆ ।ਮੱਖਣ ਸ਼ਾਹ ਦੀ ਲਿਆਂਦੀ ਬਹੁ-ਮੁੱਲੀ ਪੁਸ਼ਾਕ ਗੁਰੂ ਤੇਗ਼ ਬਹਾਦਰ ਜੀ ਨੂੰ ਪਹਿਨਾਈ ਗਈ । ਹਜ਼ੂਰ ਨੂੰ ਗੁਰਗੱਦੀ 'ਤੇ ਬਿਠਾ ਕੇ, ਬਾਬੇ ਬੁੱਢੇ ਦੇ ਪੁੱਤਰ ਹੱਥੋਂ ਗੁਰਿਆਈ ਦਾ ਤਿਲਕ ਦਿਤਾ ਗਿਆ । ਮੱਖਣ ਸ਼ਾਹ ਨੇ ਸੁੱਖਣਾ ਦੀ ਪੰਜ ਸੌ ਮੋਹਰ ਹਜ਼ੂਰ ਦੇ ਸਾਮ੍ਹਣੇ ਧਰੀ । ਪਰਦੇਸ ਵਿਚੋਂ ਲਿਆਂਦੇ ਹੋਰ ਵੀ ਅਨੇਕਾਂ ਤੁਹਫ਼ੇ ਉਹਨੇ ਗੁਰਦੇਵ ਦੇ ਪੇਸ਼ ਕੀਤੇ । ਫਿਰ ਉਹਨੇ ਪੂਰੇ ਵਿਸਥਾਰ ਨਾਲ ਜਹਾਜ਼ ਦੀ ਸਾਖੀ ਤੇ ਦੋ-ਦੋ ਮੋਹਰਾਂ ਮੱਥਾ ਟੇਕਣ ਦੀ ਵਿਥਿਆ ਸੁਣਾਈ । ਸੰਗਤਾਂ ਸੁਣ ਕੇ ਨਿਹਾਲ ਹੋਈਆਂ ਤੇ ਹਰ ਇਕ ਨੇ ਯਥਾ ਸ਼ਕਤ ਭੇਟਾ ਧਰੀ ।

ਇਹ ਖ਼ਬਰਾਂ ਦੂੱਜੇ ਬਣਾਉਟੀ ਗੁਰੂਆਂ ਨੂੰ ਪਹੁੰਚੀਆਂ, ਤਾਂ ਉਹ ਬਹੁਤ ਔਖੇ ਹੋਏ । ਖ਼ਾਸ ਕਰ ਧੀਰ ਮੱਲ ਤਾਂ ਬਹੁਤਾ ਹੀ ਸੜ ਭੁੱਜ ਗਿਆ । ਉਹਨੇ ਆਪਣੇ ਸਾਰੇ ਮਸੰਦ ਬੁਲੱਾ ਕੇ ਇਕ ਗੁਪਤ ਸਭਾ ਕੀਤੀ ।

ਕਬਿੱਤ

ਧੀਰ ਮੱਲ ਡੇਰੇ ਵਿਚ ਸੱਦ ਕੇ ਮਸੰਦ ਸਾਰੇ
ਆਖਦਾ ਏ ਦੱਸੋ ਹੁਣ ਚਾਰਾ ਕੀ ਚਲਾਇਆ ਜਾਵੇ ?
'ਤੇਗੇ' ਮਸਤਾਨੇ ਨੂੰ ਬਿਠਾ ਦਿੱਤਾ ਏ ਗੱਦੀ ਲੋਕਾਂ
ਦੱਸੋ, ਇਹ ਰੋੜਾ ਕਿਵੇਂ ਰਾਹ 'ਚੋਂ ਹਟਾਇਆ ਜਾਵੇ ?
'ਇਕੋ ਹੈ ਇਲਾਜ', ਕੋਲੋਂ ਆਖਿਆ ਮਸੰਦ ਸ਼ੀਂਹੇਂ
'ਮਾਰ ਕੇ ਤੇ ਗੋਲੀ' ਇਹਨੂੰ ਸਦਾ ਲਈ ਮੁਕਾਇਆ ਜਾਵੇ
ਫੇਰ ਵੱਢੀ ਦੇ ਕੇ ਨਾਲ ਹਾਕਮਾਂ ਨੂੰ ਗੰਢ ਲਈਏ
ਏਸ ਤਰ੍ਹਾਂ ਪੱਕਾ ਹੱਕ ਗੱਦੀ 'ਤੇ ਜਮਾਇਆ ਜਾਵੇ'

ਸਾਰੇ ਬਣਾਉਟੀ ਗੁਰੂਆਂ ਵਿਚੋਂ ਧੀਰ ਮੱਲ ਦੀ ਬਹੁਤੀ ਪੂਜਾ ਹੋ ਰਹੀ ਸੀ । ਏਸ ਵਾਸਤੇ ਬਹੁਤਾ ਔਖਾ ਵੀ ਓਹਾ ਹੋਇਆ । ਉਹਨੇ ਸ਼ੀਂਹੇਂ ਮਸੰਦ ਦੀ ਸਲਾਹ ਨਾਲ ਗੁਰੂ ਜੀ ਨੂੰ ਮਾਰ ਮੁਕਾਉਣ ਦਾ ਫ਼ੈਸਲਾ ਕਰ ਲਿਆ ।

ਗੁਰਗੱਦੀ ਦੀ ਰਸਮ ਭੁਗਤੱਾ ਕੇ ਮੱਖਣ ਸ਼ਾਹ ਆਪਣੇ ਡੇਰੇ ਨੂੰ ਚਲਾ ਗਿਆ । ਹੋਰ ਵੀ ਸੰਗਤਾਂ ਸਹਿਜ ਸਹਿਜ ਆਪੋ ਆਪਣੇ ਥਾਂਈਂ ਚਲੀਆਂ ਗਈਆਂ । ਪਿੱਛੇ ਗੁਰੂ ਜੀ ਦੇ ਕੋਲ ਕੁਛ ਗਿਣਤੀ ਦੇ ਸੇਵਾਦਾਰ ਰਹਿ ਗਏ । ਉਸ ਵੇਲੇ ਮੌਕਿਆ ਤਾੜ ਕੇ ਸ਼ੀਹੇਂ ਮਸੰਦ ਨੇ ਪੰਝੀ ਆਦਮੀ ਨਾਲ ਲੈ ਕੇ ਮਹਾਰਾਜ 'ਤੇ ਹਮਲਾ ਕੀਤਾ ।

ਵਾਰ

ਧੀਰ ਮੱਲ ਦਾ ਹੁਕਮ ਝੱਟ ਪਾਇਕੇ
ਤੁਰ ਪਿਆ ਸ਼ੀਹਾਂ ਗੁਰੂ ਨੂੰ ਮੁਕਾਨ
ਲੈ ਲਏ ਨਾਲ ਉਸ ਹੋਰ ਪੰਝੀ ਧਾੜਵੀ
ਹਥਿਆਰ-ਬੰਦ ਨਿੱਗਰ ਜੁਆਨ
ਚੁੱਪ-ਚਾਪ ਗੁਰੂ ਘਰ ਉਤੇ ਜਾ ਪਏ
ਚੋਰਾਂ ਵਾਂਗਰਾਂ ਬੁਰੀ ਦਿਲ ਠਾਨ

ਗੋਲੀ ਜਾਂਦਿਆਂ ਚਲਾਈ ਸ਼ੀਹੇਂ ਨੀਚ ਨੇ
ਲੈ ਕੇ ਗੁਰੂ ਜੀ ਦੇ ਸੀਸ ਦਾ ਨਸ਼ਾਨ
ਛੁਹ ਕੇ ਮੱਥੇ ਨੂੰ ਉਪਰ ਦੀ ਲੰਘ ਗਈ
ਵਗ ਪਿਆ ਲਹੂ ਕੇਸਰ ਸਮਾਨ
ਮੂੰਹੋਂ 'ਧੰਨ ਕਰਤਾਰ' ਗੁਰਾਂ ਬੋਲਿਆ
ਮਿੱਠਾ ਜਾਣ ਭਾਣਾ ਕੀਤਾ ਪਰਵਾਨ
ਏਨੇ ਵਿਚ ਧੀਰ ਮੱਲ ਦੇ ਲੁਟੇਰਿਆਂ
ਲੁੱਟ ਲਿਆ ਸਭ ਕੀਮਤੀ ਸਾਮਾਨ
ਸਭ ਕੁਛ ਗੁਰੂ ਘਰ ਦਾ ਸਮੇਟ ਕੇ
ਪਹੁੰਚੇ ਝੱਟ ਧੀਰ ਮੱਲ ਕੋਲ ਆਨ

ਗੁਰੂ ਤੇਗ਼ ਬਹਾਦਰ ਸਾਹਿਬ ਓਸੇ ਮੰਡਪ ਵਿਚ ਆਰਾਮ ਕਰ ਰਹੇ ਸਨ । ਸੰਗਤ ਦਾ ਭੇਟਾ ਕੀਤਾ ਸਭ ਸਾਮਾਨ ਤੇ ਮਾਇਆ ਇਕ ਪਾਸੇ ਧਰੇ ਪਏ ਸਨ । ਮਾਤਾ ਨਾਨਕੀ ਜੀ ਨਿਰੰਕਾਰ ਦੀ ਇਸ ਅਚਨਚੇਤ ਹੋਈ ਮਿਹਰ ਕਰ ਕੇ ਅਗਲੇ ਅੰਦਰ ਬੈਠੇ ਸ਼ੁਕਰ ਵਜੋਂ ਅਰਦਾਸਾ ਕਰ ਰਹੇ ਸਨ । ਦੋ-ਚਾਰ ਸੇਵਾਦਾਰ ਗੁਰਦੇਵ ਦੇ ਚਰਨਾਂ ਵੱਲ ਬੈਠੇ ਬਾਣੀ ਪੜ੍ਹ ਰਹੇ ਸਨ । ਏਸ ਵੇਲੇ ਸ਼ੀਹੇਂ ਮਸੰਦ ਨੇ ਪੰਝੀ ਸ਼ਸਤਰ-ਧਾਰੀ ਬੰਦਿਆਂ ਸਣੇ ਹਮਲਾ ਕੀਤਾ । ਉਸ ਨੂੰ ਮੰਡਪ ਵਿਚ ਦਾਖ਼ਲ ਹੁੰਦਿਆਂ ਵੇਖ ਕੇ ਗੁਰੂ ਮਹਾਰਾਜ ਉਠ ਕੇ ਬੈਠ ਗਏ । ਆਉਂਦਿਆਂ ਹੀ ਸ਼ੀਹੇਂ ਮਸੰਦ ਨੇ ਗੁਰਦੇਵ ਦੇ ਸੀਸ ਦਾ ਨਸ਼ਾਨਾ ਲੈ ਕੇ ਗੋਲੀ ਚਲਾ ਦਿਤੀ । ਗੋਲੀ ਮਹਾਰਾਜ ਦੇ ਮੱਥੇ ਨੂੰ ਛੁਹੰਦੀ ਹੋਈ ਲੰਘ ਗਈ । ਮੱਥੇ ਵਿਚ ਥੋੜਾ ਜਿਹਾ ਜ਼ਖ਼ਮ ਹੋ ਜਾਣ ਨਾਲ ਖ਼ੂਨ ਫੁਹਾਰੇ ਵਾਂਗ ਵਗ ਤੁਰਿਆ। ਗੁਰਦੇਵ ਨੇ 'ਸਤਿਕਰਤਾਰ' ਕਹਿੰਦਿਆਂ, ਭਾਣਾ ਸਮਝ ਕੇ ਸਿਰ ਝੁੱਕਾ ਦਿਤਾ। ਸ਼ੀਹੇਂ ਸਮਝਿਆ, ਕਿ ਮੱਥੇ ਵਿਚ ਗੋਲੀ ਵੱਜਣ ਨਾਲ ਗੁਰੂ ਜੀ ਜੋਤੀ ਜੋਤ ਸਮੱਾ ਗਏ ਹਨ । ਸ਼ੀਹੇਂ ਨੇ ਸਭ ਸਾਮਾਨ ਤੇ ਮਾਇਆ ਆਦਮੀਆਂ ਨੂੰ ਚੁਕੱਾ ਕੇ ਝੱਟ ਪੱਟ ਕੂਚ ਕਰ ਦਿੱਤਾ । ਚੋਰ ਵਾਲਾ ਝੱਟ ਕਰ ਕੇ ਉਹ ਧੀਰ ਮੱਲ ਦੇ ਡੇਰੇ ਜਾ ਵੜੇ ।

ਇਹ ਖ਼ਬਰ ਮੱਖਣ ਸ਼ਾਹ ਨੂੰ ਪੁੱਜੀ, ਤਾਂ ਉਹ ਫੱਟੜ ਸ਼ੇਰ ਵਾਂਗ ਭਬਕ ਉਠਿਆ ।

ਸਾਕਾ

ਸੁਣਿਆਂ ਮੱਖਣ ਸ਼ਾਹ ਨੇ ਜਦ ਕਿੱਸਾ ਸਾਰਾ
ਤਪਿਆ ਗੁੱਸੇ ਨਾਲ ਉਹ ਜਿਉਂ ਭਖੇ ਅੰਗਾਰਾ
ਕਰ ਕੇ ਸੰਗਤਾਂ ਕੱਠੀਆਂ ਮਾਰੇ ਲਲਕਾਰਾ
ਸੁਣ ਲਓ, ਕੀਤਾ ਧੀਰ ਮੱਲ ਜੋ ਭੈੜਾ ਕਾਰਾ
ਜੇਕਰ ਸ਼ਰਧਾ ਗੁਰੂ 'ਤੇ, ਕਰ ਲਵੋ ਤਿਆਰਾ
ਸਤਿਗੁਰ ਦੇ ਅਪਰਾਧੀਆਂ ਦੰਡ ਦਿਹੋ ਕਰਾਰਾ

ਪੰਜ ਕੁ ਸੌ ਸਾਥੀ ਮੱਖਣ ਸ਼ਾਹ ਦੇ ਆਪਣੇ ਨਾਲ ਸਨ । ਉਹ ਸਭ ਸੋਟੇ ਤੇ ਹਥਿਆਰ ਫੜ ਕੇ ਤਿਆਰ ਹੋ ਖਲੇ । ਹੋਰ ਵੀ ਜਿਸ ਨੇ ਸੁਣਿਆਂ, ਨਾਲ ਤਿਆਰ ਹੋ ਪਿਆ । ਗੁਰੂ ਸਾਹਿਬ ਨਾਲ ਹੋਏ ਅੱਤਿਆਚਾਰ ਨੇ ਹਰ ਸ਼ਰਧਾਲੂ ਸਿੱਖ ਦੇ ਅੰਦਰ ਅੱਗ ਬਾਲ ਦਿੱਤੀ । ਇਕ ਚੋਖਾ ਜਥਾ ਲੈ ਕੇ ਮੱਖਣ ਸ਼ਾਹ, ਧੀਰ ਮੱਲ ਦੇ ਡੇਰੇ 'ਤੇ ਜਾ ਪਿਆ ।

ਵਾਰ

ਸਣੇ ਸਾਥੀਆਂ ਮੱਖਣ ਸ਼ਾਹ ਚੜ੍ਹ ਪਿਆ
ਗੁੱਸੇ ਵਿਚ ਲਲਕਾਰੇ ਮਾਰ
ਲਾਲ ਚੰਦ, ਗੁਰਦਿੱਤਾ, ਕਿਰਪਾਲ ਵੀ
ਹੋਏ ਹੋਰ ਕੇਈ ਚੋਣਵੇਂ ਤਿਆਰ
ਹੋਰ ਸੈਂਕੜੇ ਜਵਾਨ ਨਾਲ ਤੁਰ ਪਏ
ਦਿਲ ਜਿੰਨ੍ਹਾਂ ਦੇ ਸੀ ਗੁਰਾਂ ਦਾ ਪਿਆਰ
ਧਾਵਾ ਕੀਤਾ ਉਹਨਾਂ ਡੇਰੇ ਧੀਰ ਮੱਲ ਦੇ
ਰੂਪ ਜਮਾਂ ਦਾ ਕਰੋਧ ਵਿਚ ਧਾਰ
ਭੈ ਖਾ ਕੇ ਧੀਰ ਮੱਲ ਦਿਆਂ ਸਾਥੀਆਂ
ਸੁੱਟ ਦਿਤੇ ਉਹਨਾਂ ਅੱਗੇ ਹਥਿਆਰ
ਬੰਨ੍ਹ ਲਿਆ ਮੱਖਣ ਸ਼ਾਹ, ਉਹ ਮਸੰਦ ਵੀ
ਜੀਹਨੇ ਕੀਤਾ ਸੀ ਗੁਰਾਂ 'ਤੇ ਵਾਰ

ਨਾਲੇ ਚੁੱਕ ਲਈ 'ਬੀੜ' ਮਹਾਰਾਜ ਦੀ
ਲੈ ਤੁਰੇ ਸਿੱਖ ਨਾਲ ਸਤਕਾਰ
ਹੋਰ ਜਿੰਨਾ ਵੀ ਸਾਮਾਨ ਹੱਥ ਲੱਗਿਆ
ਲੁੱਟ ਪੁੱਟ ਹੋ ਗਏ ਪਿਛਾਂਹ ਨੂੰ ਤਿਆਰ

ਧੀਰ ਮੱਲ ਦੇ ਸਾਥੀ ਅਜੇ ਲੁੱਟ ਕੇ ਲਿਆਂਦਾ ਸਾਮਾਨ ਸੰਭਾਲ ਹੀ ਰਹੇ ਸਨ, ਜਾਂ ਮੱਖਣ ਸ਼ਾਹ ਦਾ ਜਥਾ ਆ ਪਿਆ। ਉਹ ਕ੍ਰੋਧ ਵਿਚ ਏਨੇ ਭਿਆਨਕ ਬਣੇ ਹੋਏ ਸਨ, ਕਿ ਧੀਰ ਮੱਲ ਦੇ ਸਾਥੀਆਂ ਵਿਚ ਅੱਗੋਂ ਹੱਥ ਚੁਕਣ ਦੀ ਸੱਤਿਆ ਨਾ ਰਹੀ ।ਧੀਰ ਮੱਲ ਵੀ ਡਰਦਾ ਉਠ ਕੇ ਖਲੋ ਗਿਆ । ਉਹਦੇ ਭਸ ਸਾਥੀ ਹਥਿਆਰ ਸੁੱਟ ਕੇ ਨੀਂਵੀਆਂ ਪਾ ਕੇ ਖਲੋ ਗਏ । ਇਸ ਵਾਸਤੇ ਮੱਖਣ ਸ਼ਾਹ ਦੇ ਜਥੇ ਨੇ ਹਥਿਆਰਾਂ ਦੀ ਵਰਤੋਂ ਨਾ ਕੀਤੀ ।ਉਹਦੇ ਸ਼ੀਂਹੇਂ ਮਸੰਦ ਦੀਆਂ ਮੁਸ਼ਕਾਂ ਬੰਨ੍ਹ ਲਈਆਂ । ਗੁਰੂ ਗ੍ਰੰਥ ਸਾਹਿਬ ਦੀ ਬੀੜ ਸੰਤੋਖ ਕੇ ਪੂਰੇ ਸਤਕਾਰ ਨਾਲ ਉਠਾ ਲਈ ਤੇ ਨਾਲ ਹੀ ਧੀਰ ਮੱਲ ਦਾ ਸਭ ਸਾਮਾਨ ਚੁਕ ਲਿਆ ।ਉਸ ਵਿਚ ਉਹ ਸਾਮਾਨ ਵੀ ਸੀ, ਜੋ ਉਹਦੇ ਮਸੰਦ ਗੁਰੂ ਤੇਗ਼ ਬਹਾਦਰ ਜੀ ਦੇ ਡੇਰੇ ਤੋਂ ਚੁੱਕ ਕੇ ਲਿਆਏ ਸਨ ।ਸਭ ਕੁਛ ਸੰਭਾਲ ਕੇ ਮੱਖਣ ਸ਼ਾਹ ਦਾ ਜਥਾ ਧਮਕੀਆਂ ਦੇਂਦਾ ਚਲਾ ਗਿਆ ।ਧੀਰ ਮੱਲ ਦੇ ਕਿਸੇ ਵੀ ਆਦਮੀ ਨੇ ਅੱਗੋਂ ਹੱਥ ਨਹੀਂ ਹਿਲਾਇਆ ।ਇਸ ਵਾਸਤੇ ਲੜਾਈ ਹੋਣੋ ਟਲ ਗਈ ।

ਮੱਖਣ ਸ਼ਾਹ ਸਣੇ ਸਾਥੀਆਂ ਗੁਰੂ ਤੇਗ਼ ਬਹਾਦਰ ਜੀ ਦੇ ਪਾਸ ਜਾ ਪੁੱਜਾ।ਧੀਰ ਮੱਲ ਦੇ ਡੇਰੇ ਤੋਂ ਲਿਆਂਦਾ ਸਭ ਸਾਮਾਨ ਹਜ਼ੂਰ ਦੇ ਸਾਮ੍ਹਣੇ ਜਾ ਧਰਿਆ ।ਇਕ ਪਾਸੇ ਉੱਚੇ ਸਿੰਘਾਸਣ ਉਤੇ ਗ੍ਰੰਥ ਸਾਹਿਬ ਦੀ ਬੀੜ ਸਜਾ ਦਿਤੀ । ਕੈਦੀਆਂ ਵਾਂਗ ਜਕੜੇ ਹੋਏ ਸ਼ੀਹੇਂ ਨੂੰ ਗੁਰਦੇਵ ਦੇ ਪੇਸ਼ ਕੀਤਾ ਗਿਆ ।

ਸਭ ਕੁਛ ਵੇਖ ਕੇ ਗੁਰਦੇਵ ਨੇ ਪੁਛਿਆ, "ਭਾਈ ਮੱਖਣ ਸ਼ਾਹ! ਇਹ ਕੀ ਮਾਮਲਾ ਹੈ ?"

ਉੱਤਰ ਵਿਚ ਮੱਖਣ ਸ਼ਾਹ ਨੇ ਸਾਰੀ ਵਾਰਤਾ ਜਿਉਂ ਦੀ ਤਿਉਂ ਕਹਿ ਸੁਣਾਈ ।ਸੁਣ ਕੇ ਗੁਰਦੇਵ ਨੇ ਬੜੀ ਸ਼ਾਂਤੀ ਨਾਲ ਉੱਤਰ ਦਿਤਾ ।

ਬੈਂਤ

ਮੱਖਣ ਸ਼ਾਹ ਨੂੰ ਆਖਿਆ ਸਤਿਗੁਰਾਂ ਨੇ
ਕੀਤੀ ਤੁਸਾਂ ਨਹੀਂ ਇਹ ਚੰਗੀ ਕਾਰ ਭਾਈ
ਕੀਤਾ ਕਰਮ ਸੀ ਜੋ ਧੀਰ ਮੱਲੀਆਂ ਨੇ
ਅਸਾਂ ਸੱਤ ਕਰ ਲਿਆ ਸਹਾਰ ਭਾਈ
ਜੋ ਕੁਛ ਉਨ੍ਹਾਂ ਕੀਤਾ, ਓਹਾ ਤੁਸਾਂ ਕੀਤਾ
ਫ਼ਰਕ ਰਿਹਾ ਕੀ ਦੋਹਾਂ ਵਿਚਕਾਰ ਭਾਈ
ਦਾਗ਼ ਲਹੂ ਦੇ ਲਹੂ ਨਾਲ ਲੱਖ ਧੋਈਏ
ਸਾਫ਼ ਹੋਣ ਨਾ ਕਦੇ, ਵਿਚਾਰ ਭਾਈ
ਬੁਰਾ ਕਰੇ ਕੋਈ, ਉਹਦਾ ਭਲਾ ਕਰੀਏ
ਧਰਤੀ ਵਾਂਗ ਸ਼ਾਂਤੀ ਦਿਲ 'ਚ ਧਾਰ ਭਾਈ
ਸ਼ੀਂਹੇ ਤਾਂਈਂ ਵੀ ਕਰ ਆਜ਼ਾਦ ਦਿਹੋ
ਸਿੱਖੋ ਵੈਰੀ 'ਤੇ ਕਰਨਾ ਉਪਕਾਰ ਭਾਈ
ਜੋ ਕੁਛ ਲੁੱਟ ਲਿਆਂਦਾ ਜੇ ਧੀਰ ਮੱਲ ਦਾ
ਮੋੜ ਦਿਹੋ ਸਭ ਸਣੇ 'ਦਰਬਾਰ' ਭਾਈ
ਜੇਕਰ ਆਪਣਾ ਤੁਸੀਂ ਨਹੀਂ ਦੇ ਸਕਦੇ
ਰੱਖੋ ਕਿਸੇ ਦਾ ਨਾ ਜੱਫਾ ਮਾਰ ਭਾਈ
ਦਇਆ, ਧਰਮ, ਧੀਰਜ ਕਦੇ ਤਿਆਗੀਏ ਨਾ
ਦੇਣਾ ਦੰਡ ਹੈ ਹੱਥ ਕਰਤਾਰ ਭਾਈ
'ਸੀਤਲ' ਧਰਮੀਆਂ ਦੇ ਬੇੜੇ ਪਾਰ ਹੁੰਦੇ
ਡੁੱਬਣ ਪਾਪੀਆਂ ਦੇ ਮੰਝਧਾਰ ਭਾਈ

ਗੁਰਦੇਵ ਦਾ ਹੁਕਮ ਸੁਣ ਕੇ ਸਭ ਨੇ ਸਿਰ ਝੁਕਾ ਦਿਤਾ। ਮੱਖਣ ਸ਼ਾਹ, ਲਾਲ ਚੰਦ, ਗੁਰਦਿੱਤਾ, ਕਿਰਪਾਲ ਆਦਿ ਮੁਖੀ ਸਿੱਖਾਂ ਨੇ ਸਲਾਹ ਕਰ ਕੇ ਸ਼ੀਂਹੇਂ ਨੂੰ ਛੱਡ ਦਿੱਤਾ। ਧੀਰ ਮੱਲ ਦੀ ਹਰ ਇਕ ਚੀਜ਼ (ਸਣੇ ਗੁਰੂ ਗ੍ਰੰਥ ਸਾਹਿਬ) ਉਸ ਦੇ ਡੇਰੇ ਪੁਚਾ ਦਿੱਤੀ, ਪਰ ਆਪਣੀ, ਸਭ ਵਸਤ ਸੰਭਾਲ ਲਈ।

ਇਸ ਘਟਨਾ ਦਾ ਸਦਕਾ ਗੁਰਦੇਵ ਦਾ ਜੱਸ ਸਾਰੇ ਫੈਲ ਗਿਆ। ਪਰ ਧੀਰ ਮੱਲ ਇਸ ਨਮੋਸ਼ੀ ਦਾ ਮਾਰਿਆ ਉਠ ਕੇ ਕਰਤਾਰਪੁਰ ਨੂੰ ਚਲਾ ਗਿਆ।

ਥੋੜੇ ਦਿਨ ਹਜ਼ੂਰੀ ਵਿਚ ਰਹਿ ਕੇ ਮੱਖਣ ਸ਼ਾਹ ਵੀ ਆਪਣੇ ਦੇਸ ਨੂੰ ਚਲਾ ਗਿਆ। ਗੁਰੂ ਤੇਗ਼ ਬਹਾਦਰ ਸਾਹਿਬ ਵੀ ਬਕਾਲਾ ਛੱਡ ਕੇ ਅੰਮ੍ਰਿਤਸਰ ਨੂੰ ਦਰਸ਼ਨਾਂ ਵਾਸਤੇ ਚਲੇ ਗਏ। (ਪ੍ਰਸੰਗ ਲਿਖਿਆ ੨੭-੬-੫੭) ਈ.

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ ॥

ਕੰਵਰ ਨੌਨਿਹਾਲ ਦਾ ਵਿਆਹ

ਵਿਆਹ ਜ਼ਿੰਦਗੀ ਵਿਚ ਸਭ ਨਾਲੋਂ ਵਧੇਰੇ ਖ਼ੁਸ਼ੀ ਦਾ ਸਮਾਂ ਹੈ ਜੀਵਨ ਦਾ ਸੁਨਹਿਰੀ ਹਿੱਸਾ ਜਵਾਨੀ, ਤੇ ਜਵਾਨੀ ਦੇ ਚਾਵਾਂ ਦੀ ਪੂਰਤੀ ਵਿਆਹ ਵਿਚ ਲੁਕੀ ਹੋਈ ਹੈ । ਦੁਨੀਆਂ ਨੂੰ ਏਸੇ ਤਰ੍ਹਾਂ ਵਸਦੀ ਰੱਖਣ ਦਾ ਵਸੀਲਾ ਵੀ ਵਿਆਹ ਹੀ ਹੈ । ਉਮਰ ਨਾਲ ਹਰ ਇਨਸਾਨ ਵਿਚ ਇਸਦੀ ਖ਼ਾਹਸ਼ ਸੁਭਾਵਕ ਹੈ ।

ਕੰਵਰ ਨੌਨਿਹਾਲ ਸਿੰਘ ਸੋਲਾਂ ਸਾਲ ਦਾ ਹੋਇਆ, ਤਾਂ ਅੰਗ ਅੰਗ ਵਿਚੋਂ ਜਵਾਨੀ ਅੰਗੜਾਈਆਂ ਲੈਣ ਲੱਗੀ ।

ਸਾਕਾ

ਨੌਨਿਹਾਲ ਸਿੰਘ ਕੰਵਰ ਦੇ ਆ ਚੜ੍ਹੀ ਜਵਾਨੀ
ਉਮਰ ਸੋਲ੍ਹਵੇਂ ਕੰਵਰ ਦੇ ਆ ਚੜ੍ਹੀ ਜਵਾਨੀ
ਜੋਬਨ ਦਮਕਾਂ ਮਾਰੀਆਂ ਹੋਈ ਅੱਖ ਮਸਤਾਨੀ
ਜਾਪੇ ਆਪਣੇ ਸਮੇਂ ਦਾ ਓਹ ਯੂਸਫ਼ ਸਾਨੀ
ਅੰਗੀਂ ਲੈ ਅੰਗੜਾਈਆਂ ਖ਼ਾਹਸ਼ ਜਿਸਮਾਨੀ
ਲੋੜੇ ਆਪਣੇ ਹਾਣ ਦਾ ਸਾਥੀ ਜ਼ਿੰਦਗਾਨੀ

ਵਿਆਹ ਦਾ ਚੱਾ ਸਿਰਫ਼ ਵਿਆਹ ਵਾਲਿਆਂ ਨੂੰ ਹੀ ਨਹੀਂ ਹੁੰਦਾ, ਸਗੋਂ ਮਾਪਿਆਂ ਨੂੰ ਉਸ ਤੋਂ ਕਈ ਗੁਣਾ ਵਧੇਰੇ ਹੁੰਦਾ ਹੈ । ਅਤੇ ਸਾਡੇ ਦੇਸ਼ ਦੇ ਮਾਪੇ ਤਾਂ ਸਮੇਂ ਸਿਰ ਔਲਾਦ ਦਾ ਵਿਆਹ ਕਰਨਾ ਆਪਣਾ ਫ਼ਰਜ਼ ਤੇ ਧਰਮ ਅਨੁਸਾਰ ਪੁੰਨ ਵੀ ਸਮਝਦੇ ਹਨ ।

ਟਿੱਕਾ ਖੜਕ ਸਿੰਘ ਤੇ ਰਾਣੀ ਚੰਦ ਕੌਰ ਨੂੰ ਪੁੱਤਰ ਦੇ ਵਿਆਹ ਦੀ ਘੱਟ ਰੀਝ ਨਹੀਂ ਸੀ । ਨਾਲੇ ਇਕੋ ਇਕ ਤਾਂ ਪੁੱਤਰ ਸੀ ਉਹਨਾਂ ਦੇ ਘਰ । ਮਾਂ ਇਕ ਇਕ ਕਰ ਕੇ ਦਿਨ ਗਿਣਦੀ ਆ ਰਹੀ ਸੀ, ਜਦ ਉਹਦਾ ਨੌਨਿਹਾਲ ਜਵਾਨ ਹੋਵੇ, ਉਹ ਪੁੱਤਰ ਦੀ ਜੰਞ ਚੜ੍ਹਾਵੇ, ਤੇ ਨੋਂਹ ਰਾਣੀ ਆ ਕੇ ਉਹਦੇ

ਘਰ ਨੂੰ ਭਾਗ ਲਾਵੇ ।ਮਾਂ ਭਾਵੇਂ ਫ਼ਕੀਰਨੀ ਹੋਵੇ, ਭਾਵੇਂ ਪਟਰਾਣੀ, ਪੁੱਤਰ ਦੇ ਵਿਆਹ ਦੇ ਚਾਅ ਸੱਭ ਦੇ ਅੰਦਰ ਇਕੋ ਜੇਹੇ ਹੁੰਦੇ ਹਨ ।ਨੌਨਿਹਾਲ ਸਿੰਘ ਦੇ ਜਵਾਨ ਹੋਣ ਨਾਲ ਮਾਪਿਆਂ ਦੇ ਚਾਅ ਮੱਛਰ ਪਏ ।

ਬੈਂਤ

ਸੁੱਖਾਂ ਨਾਲ ਜਾਂ ਪੁੱਤ ਜਵਾਨ ਹੋਇਆ
ਹੋਈ ਮਾਪਿਆਂ ਖ਼ੁਸ਼ੀ ਅਥਾਹ ਭਾਈ
ਰੀਝਾਂ ਰਾਗੀਆਂ, ਚਾਉ ਜਵਾਨ ਹੋਏ
ਸੋਚਣ, ਲਾਲ ਦਾ ਕਰੀਏ ਵਿਆਹ ਭਾਈ
ਆਵੇ ਨੌਂਹ ਸੁਲੱਖਣੀ ਰਾਜ ਮਹਿਲੀਂ
ਚੰਦ ਕੌਰ ਦੇ ਚਿੱਤ ਹੈ ਚਾਹ ਭਾਈ
ਵਧੇ ਬੰਸ ਮਹਾਰਾਜਾ ਰਣਜੀਤ ਸਿੰਘ ਦੀ
ਸਾਰੇ ਦੇਸ ਵਿਚ ਡਾਢਾ ਉਤਸ਼ਾਹ ਭਾਈ
ਕਿਉਂ ਨਾ ਹੋਣ ਖ਼ੁਸ਼ੀਆਂ ਘਰ ਘਰ ਅੰਦਰ
ਜਦ ਉਹ ਦਿਲਾਂ ਦਾ ਸੀ ਬਾਦਸ਼ਾਹ ਭਾਈ
ਜਿੱਧਰ ਵੇਖੋ ਗ਼ਰੀਬ ਅਮੀਰ ਸਾਰੇ
ਪਰਗਟ ਕਰਨ ਪਏ ਦਿੱਲੀ ਉਮਾਹ ਭਾਈ

ਮਾਮੂਲੀ ਤੋਂ ਮਾਮੂਲੀ ਘਰ ਵੀ ਵਿਆਹ ਵਿਚ ਆਪਣੀ ਸ਼ਾਨ ਵਿਖਾਉਣ ਵਾਸਤੇ ਟਿੱਲ ਲਾ ਦੇਂਦਾ ਹੈ ।ਤੇ ਏਥੇ ਤਾਂ ਬਾਦਸ਼ਾਹੀ ਕੰਮ ਸੀ । ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਇਸ ਵਿਆਹ ਉਤੇ ਲੱਖਾਂ ਰੁਪੈ ਖ਼ਰਚੇ ।ਸਾਰੇ ਹਿੰਦੁਸਤਾਨ ਵਿਚ ਅਜੇਹਾ ਸ਼ਾਨ ਵਾਲਾ ਵਿਆਹ ਹੋਰ ਕੋਈ ਨਹੀਂ ਹੋਇਆ ।ਕਈ ਮਹੀਨੇ ਇਸ ਵਿਆਹ ਦੀ ਤਿਆਰੀ ਵਿਚ ਲੱਗ ਗਏ

ਮਿਰਜ਼ਾ

ਲੱਗੀਆਂ ਹੋਣ ਤਿਆਰੀਆਂ, ਮਹਿਲਾਂ ਦੇ ਵਿਚਕਾਰ
ਥਾਂ ਥਾਂ ਬੈਠੇ ਦਿੱਸਦੇ, ਦਰਜ਼ੀ ਤੇ ਸੁਨਿਆਰ
ਸੀਪਣ ਭਾਂਤੋ ਭਾਂਤ ਦੇ, ਜੋੜੇ ਤਿੱਲੇਦਾਰ
ਰੇਸ਼ਮ ਭਾਹਾਂ ਮਾਰਦਾ, ਜਿਉਂ ਸੋਨੇ ਦੀ ਤਾਰ

ਜ਼ਰੀ ਬਾਦਲਾ ਚਮਕਦਾ, ਧੁੱਪੇ ਰੰਗ ਨਿਖ਼ਾਰ
ਓਧਰ ਵਿਚ ਪਹਾਰਿਆਂ, ਭਖਣ ਪਏ ਅੰਗਿਆਰ
ਸੋਨਾਂ ਵਿਚ ਕੁਠਾਲੀਆਂ, ਦਮਕਾਂ ਰਿਹਾ ਮਾਰ
ਕੰਠੇ, ਕੜੇ ਤੇ ਬੁਤਕੀਆਂ, ਵਾਲੇ ਕੁੰਡਲਦਾਰ
ਹੀਰਿਆਂ ਜੜੀਆਂ ਕਲਗ਼ੀਆਂ, ਵੱਖੋ ਵੱਖ ਨੁਹਾਰ
ਟਿੱਕਾ, ਦੌਣੀ, ਚੰਦ ਦੋ, ਮਾਲਾ, ਮੋਤੀ-ਹਾਰ
ਬੰਦ, ਗੋਖੜੂ ਪਹੁੰਚੀਆਂ, ਚੂੜੇ ਦੀ ਛਣਕਾਰ
ਝੁਕ ਝੁਕ ਤੱਕੇ ਆਰਸੀ, ਸੂਰਜ ਝਾਤੀ ਮਾਰ
ਡਲ੍ਹਕ ਅਨੋਖੀ ਮੁੰਦਰੀਆਂ, ਹੀਰੇ ਜੜੇ ਸਵਾਰ
ਥੇਵੇ ਕਈ ਪੁਖਰਾਜ ਦੇ, ਨੀਲਮ, ਲਾਲ, ਜਵਾਹਰ
ਲਾਵੇ ਮੋਹਰ ਪਸੰਦ ਦੀ, ਪਰਖ ਪਰਖ ਸਰਕਾਰ
ਸ਼ਾਹਾਂ ਦੇ ਕੰਮ 'ਸੀਤਲਾ' ਆਵੇ ਨਹੀਂ ਸ਼ੁਮਾਰ

ਗਹਿਣੇ ਬਨਾਉਣ ਵਾਲੇ ਤੇ ਕਪੜੇ ਸਿਉਣ ਵਾਲੇ ਦੇਸ ਭਰ ਵਿਚੋਂ ਉਘੇ ਕਾਰੀਗਰ ਬੁਲਾਏ ਗਏ । ਵੇਖ ਕੇ ਅਕਲ ਹੈਰਾਨ ਰਹਿ ਜਾਂਦੀ ਸੀ । ਇਕ ਪਾਸੇ ਉਸਤਾਦ ਦਰਜ਼ੀਆਂ ਦੀਆਂ ਪਾਲਾਂ ਬੈਠੀਆਂ ਸਨ । ਕੀਮਤੀ ਕੱਪੜੇ ਉਤੇ ਸੁਨਹਿਰੀ ਤਿੱਲੇ ਨਾਲ ਕਢਾਈ ਹੋ ਰਹੀ ਸੀ । ਓਦੋਂ ਸਿਲਾਈ ਕਢਾਈ ਦੀਆਂ ਮਸ਼ੀਨਾਂ ਨਹੀਂ ਸਨ । ਸਭ ਕੁਛ ਹੱਥੀਂ ਕੀਤਾ ਜਾਂਦਾ ਸੀ । ਹੁਨਰਮੰਦ ਲੋਕ ਅਜੇਹੇ ਸੁਚੱਜੇ ਹੱਥ ਚਲਾਉਂਦੇ, ਕਿ ਕੰਮ ਵਿਚ ਜਾਨ ਪਾ ਦੇਂਦੇ । ਰੰਗਾ ਰੰਗ ਦੇ ਜ਼ਨਾਨੇ ਤੇ ਮਰਦਾਨੇ ਜੋੜੇ ਤਿਆਰ ਹੋ ਰਹੇ ਸਨ । ਮਹਾਰਾਣੀ ਚੰਦ ਕੁਰ ਸਭ ਚੀਜ਼ਾਂ ਆਪਣੀਆਂ ਅੱਖਾਂ ਸਾਮ੍ਹਣੇ ਬਣਵੱਾ ਰਹੀ ਸੀ ।

ਦੂੱਜੇ ਪਾਸੇ ਗਹਿਣੇ ਘੜੇ ਜਾ ਰਹੇ ਸਨ ।ਸ਼ੇਰੇ-ਪੰਜਾਬ ਦਾ ਜਵਾਹਰਾਤ ਘਰ ਦੁਨੀਆਂ ਭਰ ਵਿਚ ਪ੍ਰਸਿਧ ਸੀ । ਉਹ ਵਿਚੋਂ ਚੁਣਵੇਂ ਹੀਰੇ, ਨੀਲਮ. ਲਾਲ, ਪੁਖਰਾਜ ਕੱਢ ਕੱਢ ਕੇ ਗਹਿਣਿਆਂ ਵਿਚ ਜੜਵਾ ਰਹੇ ਸਨ । ਇਕ ਇਕ ਅੰਗ ਦੇ ਕਈ ਕਈ ਵੰਨੋ ਵੰਨੀ ਦੇ ਬਦਲਵੇਂ ਗਹਿਣੇ ਤਿਆਰ ਹੋ ਰਹੇ ਸਨ । ਓਦੋਂ ਸਿਰਫ਼ ਇਸਤਰੀਆਂ ਹੀ ਨਹੀਂ, ਮਰਦ ਵੀ ਕਈ ਕਿਸਮ ਦੇ ਗਹਿਣੇ ਪਹਿਨਿਆਂ ਕਰਦੇ ਸਨ । ਕੰਨਾਂ ਵਿਚ ਤੁੰਗਲ ਪਾਉਣ ਦਾ ਅਜੇ ਵੀ ਕੋਈ ਇਲਾਕਿਆਂ ਵਿਚ ਰਿਵਾਜ ਹੈ । ਪਰ ਓਦੋਂ ਤਾਂ ਸਿਰ ਦੇ, ਗਲ

ਦੇ ਤੇ ਬਾਂਹੀਂ ਦੇ ਗਹਿਣ ਆਮ ਪਹਿਨੇ ਜਾਂਦੇ ਸਨ ।ਨੌਨਿਹਾਲ ਸਿੰਘ ਵਾਸਤੇ ਵੀ ਕਈ ਕਿਸਮ ਦੇ ਗਹਿਣੇ ਬਣਾਏ ਗਏ ।ਕਈ ਵੰਨੋ ਵੰਨ ਹੀਰਿਆਂ ਜੜੀਆਂ ਕਲਗ਼ੀਆਂ ਤਿਆਰ ਹੋਈਆਂ ।ਸਾਰੇ ਗਹਿਣਿਆਂ ਉਤੇ ਕਈ ਲੱਖ ਰੁਪਇਆ ਖ਼ਰਚ ਆਇਆ ।

ਸ਼ੇਰੇ-ਪੰਜਾਬ ਗੁਰੂ ਘਰ ਦਾ ਬਹੁਤ ਸ਼ਰਧਾਲੂ ਸੀ ।ਕੋਈ ਕੰਮ ਵੀ ਉਹ ਕਰਦਾ, ਪਹਿਲਾਂ ਅੰਮ੍ਰਿਤਸਰ 'ਹਰਿਮੰਦਰ' ਸਾਹਿਬ ਮੱਥਾ ਟੇਕਦਾ ।ਇਹ ਸ਼ੁਭ ਕਾਰਜ ਵੀ ਉਹਨੇ ਅੰਮ੍ਰਿਤਸਰ ਹੀ ਕਰਨ ਦਾ ਫ਼ੈਸਲਾ ਕੀਤਾ ।ਪ੍ਰੋਗਰਾਮ ਇਹ ਬਣਿਆਂ, ਕਿ ਜੰਞ ਅਮ੍ਰਿਤਸਰੋਂ ਚੜ੍ਹੇ, ਤੇ ਵਿਆਹ ਕੇ ਡੋਲੀ ਲਾਹੌਰ ਆਵੇ ।

ਅੰਮ੍ਰਿਤਸਰ ਰਾਮ ਬਾਗ ਵਿਚ ਖੁੱਲ੍ਹੇ ਥਾਂ ਸੈਂਕੜੇ ਤੰਬੂ ਲੱਗ ਗਏ ।ਇਉਂ ਸਮਝੋ, ਕਿ ਕੁਛ ਦਿਨਾਂ ਵਾਸਤੇ ਇਕ ਨਵਾਂ ਸ਼ਹਿਰ ਹੋਰ ਵੱਸ ਗਿਆ ।ਸ਼ੇਰੇ-ਪੰਜਾਬ ਦਾ ਸਾਰਾ ਪਰਵਾਰ ਅੰਮ੍ਰਿਤਸਰ ਆ ਗਿਆ ।ਗੋਬਿੰਦਗੜ੍ਹ ਦੇ ਮੈਦਾਨ ਵਿਚ ਫ਼ੌਜਾਂ ਦਾ ਉਤਾਰਾ ਹੋ ਗਿਆ ।ਸੁੱਖਾਂ ਸੁੱਖਦਿਆਂ ਵਿਆਹ ਦਾ ਦਿਨ ਵੀ ਨੇੜੇ ਆ ਪਹੁੰਚਾ ।

ਕਬਿੱਤ

ਸੁੱਖ ਦਿਆਂ ਸੁੱਖਾਂ ਤੇ ਉਡੀਕ ਦਿਆਂ ਸਾਲਾਂ ਪਿੱਛੋਂ
ਦਿਨ ਭਾਗਾਂ ਭਰਿਆ ਵਿਆਹ ਵਾਲਾ ਆਇਆ ਜੀ
ਗੁਰੂ ਜੀ ਦੇ ਸਿੱਖ ਸ਼ਰਧਾਲੂ ਰਣਜੀਤ ਸਿੰਘ
ਅੰਮ੍ਰਿਤਸਰ ਵਿਚ ਕਾਰਜ ਰਚਾਇਆ ਜੀ
ਰਾਮ ਬਾਗ਼ ਵਿਚ ਲੱਗੇ ਸੈਂਕੜੇ ਤੰਬੂ ਕਨਾਤਾਂ
ਮਾਨੋ ਇਕ ਨਵਾਂ ਸ਼ਹਿਰ ਵੱਖਰਾ ਸਜਾਇਆ ਜੀ
ਸਾਰੇ ਦੇਸ ਵਿਚੋਂ ਮੇਲੀ ਆਏ ਰਾਜੇ ਮਹਾਰਾਜ
ਏਸ ਪੱਜ ਆਣ ਗੁਰ ਦਰਸ਼ਨ ਪਾਇਆ ਜੀ

ਏਸ ਖ਼ੁਸ਼ੀ ਦੇ ਸਮੇਂ, ਸ਼ੇਰੇ-ਪੰਜਾਬ ਨੇ ਦੇਸ ਭਰ ਦੇ ਪਤਵੰਤੇ ਸੱਜਣ ਬੁਲਾਏ ਸਨ ।ਪੰਜਾਬ ਦੇ ਸਭ ਫ਼ੌਜੀ ਤੇ ਸ਼ਹਿਰੀ ਅਫ਼ਸਰ ਸਰਦਾਰ ਨਵਾਬ ਸੇਠ ਤੇ ਵੱਡੇ ਵੱਡੇ ਜਾਗੀਰਦਾਰ ਆਏ ਹੋਏ ਸਨ ।(ਸ: ਹਰੀ ਸਿੰਘ) ਨਲਵਾ

ਬੀਮਾਰ ਹੋਣ ਕਰ ਕੇ ਨਹੀਂ ਸੀ ਆਇਆ । ਉਹ ਪਿਸ਼ਾਵਰ ਸੀ ।) ਪੰਜਾਬੋਂ ਬਾਹਰ ਵੀ ਸਭ ਨਾਮਵਰ ਆਦਮੀਆਂ ਨੂੰ ਸੱਦਾ ਭੇਜਿਆ ਗਿਆ ਸੀ । ਪਟਿਆਲਾ, ਨਾਭਾ, ਜੀਂਦ, ਫ਼ਰੀਦਕੋਟ, ਮਲੇਰਕੋਟਲਾ, ਕਪੂਰਥਲਾ, ਕਲਸੀਆਂ, ਨਾਰਾਇਣਗੜ੍ਹ, ਲਾਡਵਾ, ਸੁਕੇਤ ਮੰਡੀ, ਚੰਬਾ, ਨੂਰਪੁਰ ਆਦਿ ਦੇ ਰਾਜਿਆਂ ਮਹਾਰਾਜਿਆਂ ਤੇ ਨਵਾਬਾਂ ਨੂੰ ਸੱਦਾ ਪੱਤਰ ਭੇਜੇ, ਜੋ ਸਾਰੇ ਹੀ ਆਏ । ਅੰਗਰੇਜ਼ ਕਰਮਚਾਰੀਆਂ ਵਿਚੋਂ ਗਵਰਨਰ-ਜੈਨਰਲ, ਗਵਰਨਰ ਆਗਰਾ ਤੇ ਕਮਾਂਡਰ-ਇਨ-ਚੀਫ਼ ਸਰ ਹੈਨਰੀ ਫੇਨ ਹੀ ਆਇਆ. ।ਹਰ ਪਰਾਹੁਣੇ ਦੀ ਪਦਵੀ ਦੇ ਯੋਗ ਟਹਿਲ ਸੇਵਾ ਕੀਤੀ ਗਈ ।

ਰਾਮ ਬਾਗ਼ ਵਿਚ ਸ਼ਾਹੀ ਪੰਡਾਲ ਸਜਾਇਆ ਗਿਆ । ਜਿਸ ਵਿਚ ਸੱਤ ਮਾਰਚ ਨੂੰ ਸਵੇਰੇ ਸਿਹਰਾ-ਬੰਦੀ ਦੀ ਰਸਮ ਅਦਾ ਕੀਤੀ ਗਈ । ਅਰਦਾਸ ਕਰ ਕੇ ਕੰਵਰ ਨੌਨਿਹਾਲ ਸਿੰਘ ਦੇ ਸਿਰ ਹੀਰਿਆਂ ਮੋਤੀਆਂ ਜੜਿਆ ਸਿਹਰਾ ਸਜਾਇਆ ਗਿਆ ।

ਸਿਹਰਾ

ਚੰਦ ਕੌਰ ਦੇ ਚੰਦ ਨੂੰ ਰੂਪ ਚੜ੍ਹਿਆ
ਬਣਿਆਂ ਸੀਸ ਦਾ ਜਦੋਂ ਸ਼ਿੰਗਾਰ ਸਿਹਰਾ
ਗਏ ਪੇਟ ਚੀਰੇ ਲੱਖਾਂ ਸਿੱਪੀਆਂ ਦੇ
ਗੁੰਦਿਆ ਮੁਤੀਆਂ ਦਾ ਲੜੀਦਾਰ ਸਿਹਰਾ
ਹੀਰੇ ਕੱਢੇ ਉਗਲੱਛ ਕੇ ਪਰਬਤਾਂ ਨੇ
ਦੂਰੋਂ ਰਿਹਾ ਤਾਹੀਏਂ ਚਮਕਾਂ ਮਾਰ ਸਿਹਰਾ
ਪਹਿਲਾਂ ਸਮੇਂ ਤੋਂ ਡੋਡੀਆਂ ਫੁੱਲ ਬਣੀਆਂ
ਰਿਹਾ ਜੱਗ ਵਿਚ ਮਹਿਕ ਖਿਲਾਰ
ਉੱਚੀ ਨਿਗ੍ਹਾ ਕਰ ਜਾਂ ਨੌਨਿਹਾਲ ਤੱਕਿਆ
ਨਜ਼ਰ ਨਾਲ ਹੋਇਆ ਤਾਰ ਤਾਰ ਸਿਹਰਾ
ਮੱਥਾ ਚੁਮ ਕੇ ਗੋਡਿਆਂ ਵੱਲ ਝੁਕਿਆ
ਸੋਹਣੇ ਲਾਲ ਤੋਂ ਜਾਏ ਬਲਿਹਾਰ ਸਿਹਰਾ
ਚੜ੍ਹਤ ਸਿੰਘ ਦੀ ਆਤਮਾ ਵਿਚ ਸੁਰਗਾਂ
ਅੱਜ ਜੱਸ ਅਕਾਲ ਦਾ ਗਾ ਰਹੀ ਏ

ਮਹਾਂ ਸਿੰਘ ਦੀ ਰੂਹ ਵੀ ਤੱਕ ਤੱਕ ਕੇ
ਖ਼ੁਸ਼ੀਆਂ ਵਿਚ ਲੱਖ ਸ਼ੁਕਰ ਮਨਾ ਰਹੀ ਏ
ਰਾਜ ਕੌਰ ਨਕੈਣ ਅੱਜ ਪੋਤਰੇ ਦੇ
ਚਾਵਾਂ ਨਾਲ ਸ਼ੁਭ ਸਗਨ ਮਨਾ ਰਹੀ ਏ
ਘੋੜੀ ਚੜ੍ਹੇ ਸਰਦਾਰ ਦੀਆਂ ਘੋੜੀਆਂ ਦੀ
ਗੂੰਜ ਸਾਰੇ ਪੰਜਾਬ 'ਚੋਂ ਆ ਰਹੀ ਏ
ਖ਼ੁਸ਼ੀ ਵਿਚ ਨਾ ਸ਼ੇਰੇ-ਪੰਜਾਬ ਮੇਂਵੇਂ
ਚਾਵਾਂ ਨਾਲ ਚੁੰਮੇ ਵਾਰ ਵਾਰ ਸਿਹਰਾ
ਕੋਹਿਨੂਰ ਦੀ ਰੌਸ਼ਨੀ ਵਿਚ ਚਮਕੇ
ਸੋਹਣੇ ਲਾਲ ਤੋਂ ਜਾਏ ਬਲਿਹਾਰ ਸਿਹਰਾ
ਰੀਝਾਂ ਪੁੱਜੀਆਂ ਨੇ ਖੜਕ ਸਿੰਘ ਦੀਆਂ
ਹੋਏ ਸ਼ੇਰ ਸਿੰਘ ਦੇ ਪੂਰੇ ਚਾਅ ਭਾਈ
ਖ਼ੁਸ਼ੀ ਵਿਚ ਚਾਚੇ, ਮਾਮੇ ਫਿਰਨ ਫੁੱਲੇ
ਰਹੀਆਂ ਚਾਚੀਆਂ ਸਗਨ ਮਨਾ ਭਾਈ
ਸੰਧਾਵਾਲੀਏ ਕਰਨ ਸਿਰ-ਵਾਰਨੇ ਪਏ
ਖ਼ੁਸ਼ੀਆਂ ਵਿਚੋਂ ਰਹੇ ਹਿੱਸਾ ਵੰਡਾ ਭਾਈ
ਚੰਦਾ ਸਿੰਘ ਮਾਮੇ ਦੀ ਨਾ ਗੱਲ ਪੁੱਛੋ
ਚਾਵਾਂ ਵਿਚ ਰਿਹਾ ਧਨ ਲੁਟਾ ਭਾਈ
ਜੋਬਨ ਆਇਆ ਅੱਜ ਸਾਰੇ ਪੰਜਾਬ ਉਤੇ
ਪਰਗਟ ਦਿਲਾਂ ਦਾ ਕਰੇ ਪਿਆਰ ਸਿਹਰਾ
ਅਰਸ਼ੀ ਦੇਵਤੇ ਸਗਨ ਮਨਾਉਣ 'ਸੀਤਲ'
ਸੋਹਣੇ ਲਾਲ ਤੋਂ ਜਾਏ ਬਲਿਹਾਰ ਸਿਹਰਾ

ਸਿਹਰਾ-ਬੰਦੀ ਵੇਲੇ ਪੰਜਾਬੀ ਦੇ ਉਘੇ ਕਵੀਆਂ ਨੇ ਸਿਹਰੇ ਪੜ੍ਹੇ । ਸ਼ੇਰੇ-ਪੰਜਾਬ ਨੇ ਹਰ ਇਕ ਨੂੰ ਮੂੰਹ ਮੰਗਿਆ ਇਨਾਮ ਦਿੱਤਾ । ਆਏ ਹੋਏ ਸਰਦਾਰਾਂ, ਨਵਾਬਾਂ ਤੇ ਰਾਜਿਆਂ ਨੇ ਸਿਰ-ਵਾਰਨੇ ਕੀਤੇ । ਵਧਾਈਆਂ ਨਾਲ ਪੰਡਾਲ ਗੂੰਜ ਉਠਿਆ । ਖ਼ੁਸ਼ੀ ਨਾਲ ਸ਼ੇਰੇ-ਪੰਜਾਬ 'ਤੇ ਸੱਗਵੀਂ ਜਵਾਨੀ ਆ ਗਈ । ਪੋਤਰੇ ਦੇ ਸਿਰ ਸਜਿਆ ਸਿਹਰਾ ਵੇਖ ਵੇਖ ਉਸ ਦਾ ਮਨ ਨਾ ਰੱਜਦਾ । ਆਏ ਪਰਹੁਣਿਆਂ ਵੱਲੋਂ ਕੰਵਰ ਨੌਨਿਹਾਲ ਸਿੰਘ ਵਾਸਤੇ

ਕੀਮਤੀ ਤੁਹਫ਼ੇ ਪੇਸ਼ ਕੀਤੇ ਗਏ ।ਏਸੇ ਸਮੇਂ ਨਿਉਂਦਰਾ ਵੀ ਲਿਆ ਗਿਆ । ਰਾਣੀ ਚੰਦ ਕੌਰ ਤੇ ਟਿੱਕਾ ਖੜਕ ਸਿੰਘ ਵੀ ਫੁੱਲੇ ਨਹੀਂ ਸਨ ਸਮਾੱ ਰਹੇ । ਏਧਰੋਂ ਵਿਹਲੇ ਹੋ ਕੇ ਸਭ 'ਹਰਿਮੰਦਰ' ਸਾਹਿਬ ਮੱਥਾ ਟੇਕਣ ਗਏ ।

ਜੰਗਲਾ

ਪਹਿਲੋਂ ਆ ਹਰਿਮੰਦਰ ਸਾਹਿਬ, ਸਭ ਨੇ ਦਰਸ਼ਨ ਪਾਇਆ
ਪੰਜ ਸੌ ਭੇਟਾ ਧਰ ਮਹਾਰਾਜੇ, ਦਰ 'ਤੇ ਸੀਸ ਝੁਕਾਇਆ
'ਹਰਿ ਕੀ ਪਉੜੀ ' ਤੋਂ ਲੈ ਚੁਲੀਆਂ, ਦਿਲ ਨੂੰ ਸ਼ਾਂਤ ਕਰਾਇਆ
ਦੁਖ ਵਿਚ ਜਿਹੜਾ ਕਰੇ ਸਹਾਇਤਾ, ਸੁਖ ਵਿਚ ਨਹੀਂ ਭੁਲਾਇਆ

ਚੌਥੇ ਪਾਤਸ਼ਾਹ ਦੇ ਦਰਬਾਰ ਵਿਚ ਅਰਦਾਸ ਕਰ ਕੇ ਕੰਵਰ ਨੇ ਮੱਥਾ ਟੇਕਿਆ ।ਸ਼ੇਰੇ-ਪੰਜਾਬ ਨੇ 'ਹਰਿਮੰਦਰ' ਸਾਹਿਬ ਪੰਜ ਸੌ ਰੁਪੈ ਭੇਟਾ ਧਰੇ । ਇਕ ਸੌ ਪੰਜਾਹ ਰੁਪੈ ਅਕਾਲ ਤਖ਼ਤ ਮੱਥਾ ਟੇਕਿਆ ।ਫਿਰ ਬਾਕੀ ਦੇ ਹਰ ਗੁਰਦੁਆਰੇ ਵਿਚ ਸਵਾ ਸਵਾ ਸੌ ਰੁਪੈ ਭੇਟਾ ਚੜ੍ਹਾਏ ।ਪੰਜ ਸੌ ਰੁਪੈ ਅਕਾਲੀ ਫ਼ੌਜ ਨੂੰ ਕੜਾਹ ਪ੍ਰਸ਼ਾਦ ਵਾਸਤੇ ਭੇਟਾ ਕੀਤੇ ਗਏ ।ਬਾਕੀ ਆਏ ਪਰਹੁਣਿਆਂ ਵੀ ਗੁਰਧਾਮਾਂ ਦੇ ਦਰਸ਼ਨ ਕੀਤੇ ਤੇ ਮੱਥੇ ਟੇਕੇ ।

ਏਸੇ ਦਿਨ ਲੌਢੇ ਵੇਲੇ ਤਿੰਨ ਵਜੇ ਜੰਞ ਦੀ ਤਿਆਰੀ ਹੋਈ ।

ਜੰਞ ਚੜ੍ਹੀ ਹੈ ਕੰਵਰ ਦੀ ਗੂੰਜੇ ਜੈਕਾਰ
ਵੱਜਣ ਵਾਜੇ ਭੇਰੀਆਂ ਕਈ ਢੋਲ ਨਗਾਰੇ
ਨੱਚਣ ਘੋੜੇ ਕਾਬਲੀ ਪਾ ਜ਼ੀਨ ਸ਼ਿੰਗਾਰੇ
ਹਾਥੀ ਜਾਂਦੇ ਝੂਲਦੇ ਮਦ ਮੱਤੇ ਸਾਰੇ
ਮੱਥੇ ਸਿਹਰਾ ਕੰਵਰ ਦੇ ਇਉਂ ਚਕਮਾਂ ਮਾਰੇ
ਸੂਰਜ ਡਰਦਾ ਬੱਦਲੀਂ ਲੁਕ ਝੱਟ ਗੁਜ਼ਾਰੇ

ਲਾੜੇ ਦੀ ਸਲਾਮੀ ਵਾਸਤੇ ਗੋਬਿੰਦਗੜ੍ਹ ਕਿਲ੍ਹੇ ਤੋਂ ਤੋਪਾਂ ਦਾਗੀਆਂ । ਫ਼ੌਜੀ ਵਾਜੇ ਵੱਜੇ ਤੇ ਜੰਞ ਰਵਾਨਾ ਹੋਈ ।ਸਭ ਤੋਂ ਅੱਗੇ ਫ਼ੌਜੀ ਵਾਜਾ ਸੀ । ਉਸ ਤੋਂ ਪਿੱਛੋਂ ਚੁਣਵਾਂ ਰਸਾਲਾ ਤੇ ਤੋਪਖ਼ਾਨਾ ਸੀ ।ਫਿਰ ਕੰਵਰ ਨੌਨਿਹਾਲ ਸਿੰਘ ਦਾ ਹਾਥੀ ਸੀ ।ਉਸ ਦੇ ਨਾਲ ਹੀ ਸ਼ੇਰੇ-ਪੰਜਾਬ ਦਾ ਹਾਥੀ ਸੀ । ਅੰਗਰੇਜ਼ ਕਮਾਂਡਰ-ਇਨ-ਚੀਫ਼ ਸਰ ਹੈਨਰੀ ਫ਼ੇਨ ਸ਼ੇਰੇ-ਪੰਜਾਬ ਦੇ ਨਾਲ

ਹਾਥੀ ਉਤੇ ਬੈਠਾ ਹੋਇਆ ਸੀ । ਉਸ ਤੋਂ ਮਗਰ ਬਾਕੀ ਰਾਜਿਆਂ, ਨਵਾਬਾਂ ਤੇ ਸਰਦਾਰਾਂ ਦੇ ਹਾਥੀ ਸਨ । ਹਰ ਇਕ ਹਾਥੀ ਉਤੇ ਦੋ-ਦੋ ਹਜ਼ਾਰ ਦੀ ਥੈਲੀ ਸੁੱਟ ਕਰਨ ਵਾਸਤੇ ਰੱਖੀ ਹੋਈ ਸੀ । ਜਾਂਞੀਆਂ ਦੇ ਦੋਹੀਂ ਪਾਸੀਂ ਰਸਾਲੇ ਦੇ ਜਵਾਨ ਦੋ-ਦੋ ਦੀ ਪਾਲ ਵਿਚ ਜਾ ਰਹੇ ਸਨ । ਸੜਕ ਦੇ ਦੋਹੀਂ ਪਾਸੀਂ ਮੰਗਤਿਆਂ ਦੀ ਭੀੜ ਲੱਗੀ ਹੋਈ ਸੀ । ਲੱਖਾਂ ਦੀ ਗਿਣਤੀ ਵਿਚ ਮੰਗਤੇ ਇਸ ਵਿਆਹ ਉਤੇ ਕੱਠੇ ਹੋਏ ਸਨ । ਸਾਰੇ ਰਾਹ ਸੁੱਟ ਹੁੰਦੀ ਗਈ ।

ਥੋੜ੍ਹੇ ਜਿਹੇ ਦਿਨ ਨਾਲ ਜੰਞ ਅਟਾਰੀ ਢੁੱਕੀ । ਤੋਪਾਂ ਦੀ ਛਲਕ ਹੋਈ, ਹਵਾਈਆਂ ਚੱਲੀਆਂ ਤੇ ਖ਼ੁਸ਼ੀ ਦੇ ਵਾਜੇ ਵੱਜੇ । ਸ: ਸ਼ਾਮ ਸਿੰਘ ਨੇ ਹਰ ਇਕ ਜਾਂਞੀ ਦਾ ਉਸ ਦੀ ਪਦਵੀ ਅਨੁਸਾਰ ਸਵਾਗਤ ਕੀਤਾ । ਜਲ ਪਾਣੀ ਦੀ ਸੇਵਾ ਹੋ ਜਾਣ ਪਿਛੋਂ ਸਭ ਦਾ ਯੋਗ ਥਾਂ 'ਤੇ ਉਤਾਰਾ ਕਰਾਇਆ ਗਿਆ । ਰਾਤ ਦੀ ਰੋਟੀ ਤੋਂ ਪਹਿਲਾਂ ਧੋਤੇ ਪੁਤੇਤੇ ਮਿਲਨੀ ਵਾਸਤੇ ਕੱਠੇ ਹੋਏ ।

ਕਾਫੀ

ਢੁੱਕੀ ਜੰਞ ਅਟਾਰੀ ਆ ਕੇ
ਖ਼ੁਸ਼ੀਆਂ ਰੱਬ ਪੁਜਾਈਆਂ
ਵਾਜੇ, ਢੋਲ, ਨਗਾਰੇ ਵੱਜਣ
ਗੂੰਜ ਪਾਈ ਸ਼ਹਿਨਾਈਆਂ
ਪਾਟੇ ਗੋਲੇ ਜਾਂ ਅਸਮਾਨੀ
ਧਰਤੀ ਗੂੰਜਾਂ ਪਾਈਆਂ
ਨੀਲੇ ਅੰਬਰ ਲਾਲ ਬਣਾਏ।
ਚੱਲ ਚੱਲ ਸੁਰਖ਼ ਹਵਾਈਆਂ
ਸ਼ਾਹਜ਼ਾਦੇ ਲਾੜੇ ਨੂੰ ਵੇਖਣ
ਅਰਸ਼ੋਂ ਪਰੀਆਂ ਆਈਆਂ
ਕੱਠਾ ਹੁਸਨ ਪੰਜਾਬ ਦਾ ਹੋਇਆ
ਹੂਰਾਂ ਵੀ ਸ਼ਰਮਾਈਆਂ
ਕਈਆਂ ਲੈ ਸੁਰਮਈ ਦੁਪੱਟੇ
ਦਿਨ ਨੂੰ ਸ਼ਾਮਾਂ ਪਾਈਆਂ
ਗੋਰੇ ਮੱਥੇ, ਖੱਟੇ ਟਿੱਕੇ

ਚੰਦ ਨੂੰ ਲੀਕਾਂ ਲਾਈਆਂ
ਲਾੜੇ ਵੱਲੇ ਤਕ ਮੁਟਿਆਰਾਂ
ਵਿਚੇ ਵਿਚ ਲਲਚਾਈਆਂ
ਦੋ-ਵੱਲੀ ਟਕਰਾਈਆਂ ਅੱਖਾਂ
ਦਿੱਤੀਆਂ ਛੁਹ ਲੜਾਈਆਂ
ਅਰਕਾਂ ਮਾਰ ਇਸ਼ਾਰੇ ਕੀਤੇ
ਨਣਦਾਂ ਨੂੰ ਭਰਜਾਈਆਂ
'ਸ਼ੀਤਲ' ਆਹ ਦਿਨ ਫੇਰ ਨਾ ਆਉਣਾ
ਰੱਜ ਰੱਜ ਰੀਝਾਂ ਲਾਹੀਆਂ

ਇਹ ਸਮਾਂ ਵੇਖਣ ਵਾਲਾ ਸੀ । ਦੇਸ ਭਰ ਦੇ ਪਤਵੰਤੇ ਆਮ੍ਹੋ ਸਾਮ੍ਹਣੇ ਖਲੋ ਸਨ । ਇਕ ਪਾਸੇ ਇਸਤਰੀਆਂ ਖਲੀਆਂ ਖ਼ੁਸ਼ੀ ਦੇ ਗੀਤ ਗਾ ਰਹੀਆਂ ਸਨ । ਸੱਭ ਦੀਆਂ ਨਜ਼ਰਾਂ ਕੰਵਰ ਨੌਨਿਹਾਲ ਸਿੰਘ 'ਤੇ ਟਿਕੀਆਂ ਹੋਈਆਂ ਸਨ । ਵਾਜੇ ਵੱਜ ਰਹੇ ਸਨ । ਆਤਸ਼ਬਾਜ਼ੀ ਚੱਲ ਰਹੀ ਸੀ । ਮਿਲਣੀ ਦੀ ਰਸਮ ਆਰੰਭ ਹੋਈ । ਗ੍ਰੰਥੀ ਸਾਹਿਬ ਨੇ ਅਰਦਾਸ ਕੀਤੀ । ਮਿਲਨੀ ਦੇ ਸ਼ਬਦ ਪੜ੍ਹੇ ਗਏ । ਸਭ ਤੋਂ ਪਹਿਲਾਂ ਸ: ਸ਼ਾਮ ਸਿੰਘ ਨੇ ਮਹਾਰਾਜ ਰਣਜੀਤ ਸਿੰਘ ਨਾਲ ਮਿਲਨੀ ਕੀਤੀ । ਸਰਦਾਰ ਨੇ ਸਣੇ ਕੀਮਤੀ ਸਾਜ਼ ਪੰਜ ਘੋੜੇ ਤੇ ੧੦੧ ਮੋਹਰ ਮਹਾਰਾਜੇ ਦੇ ਭੇਟਾ ਕੀਤੀ । ਫਿਰ ਟਿੱਕਾ ਖੜਕ ਸਿੰਘ ਨਾਲ ਮਿਲਨੀ ਹੋਈ। ਇਕ ਘੋੜਾ ਤੇ ੫੧ ਮੋਹਰਾਂ ਸ: ਸ਼ਾਮ ਸਿੰਘ ਨੇ ਉਸ ਦੀ ਭੇਟਾ ਕੀਤੀਆਂ। ਇਕ ਘੋੜਾ ਤੇ ੧੧ ਮੋਹਰਾਂ ਕੰਵਰ ਸ਼ੇਰ ਸਿੰਘ ਨੂੰ ਭੇਟਾ ਦਿਤ੍ਤੀਆਂ । ਫਿਰ ਬਾਕੀ ਦੇ ਹਰ ਇਕ ਜਾਂਞੀ ਨੂੰ ਉਸ ਦੀ ਪਦਵੀ ਅਨੁਸਾਰ ਨਜ਼ਰਾਨਾ ਦਿੱਤਾ ਗਿਆ ।

ਏਧਰੋਂ ਵਿਹਲੇ ਹੋ ਕੇ ਜਾਂਞੀ ਪ੍ਰਸਾਦ ਛਕਣ ਗਏ । ਸ : ਸ਼ਾਮ ਸਿੰਘ ਨੇ ਸੇਵਾ ਵੱਲੋਂ ਅਖ਼ੀਰ ਕਰ ਦਿੱਤੀ । ਏਸ ਜਸ਼ਨ ਉਤੇ ਸਰਦਾਰ ਨੇ ਹਜ਼ਾਰਾਂ ਰੁਪੈ ਖ਼ਰਚ ਕੀਤੇ । ਫਿਰ ਹਰ ਜਾਂਞੀ ਨੂੰ ਉਸ ਦੀ ਪਦਵੀ ਮੁਤਾਬਕ ਉਤਾਰੇ ਦੀ ਥਾਂ ਦਿੱਤੀ ਗਈ । ਸਾਰੀ ਰਾਤ ਆਤਸ਼ਬਾਜ਼ੀ ਚਲਦੀ ਰਹੀ, ਤੇ ਰਾਗ ਰੰਗ ਹੁੰਦੇ ਰਹੇ ।

ਸਗਨਾਂ ਭਰਿਆ ਅਗਲਾ ਦਿਨ ਚੜ੍ਹਿਆ । (੮ ਮਾਰਚ, ੧੮੩੭ ਈ.)। ਵਿਆਹ ਵਾਸਤੇ ਸ਼ਾਹੀ ਸ਼ਾਨ ਵਾਲਾ ਮੰਡਪ ਸਜਾਇਆ ਗਿਆ । ਅੰਮ੍ਰਿਤ ਵੇਲੇ ਰਾਗੀਆਂ ਨੇ ਆਸਾ ਦੀ ਵਾਰ ਸ਼ੁਰੂ ਕੀਤੀ ।

ਕਬਿੱਤ

ਅੰਮ੍ਰਿਤ ਵੇਲੇ ਮਹਾਰਾਜ ਪਰਕਾਸ਼ ਕਰ
ਸ਼ਾਹੀ ਸ਼ਾਨ ਵਾਲਾ ਸੋਹਣਾ ਮੰਡਪ ਸਜਾਇਆ ਗਿਆ
ਖ਼ੁਸ਼ੀ ਦੇ ਸ਼ਬਦ ਪੜ੍ਹੇ ਰਾਗੀਆਂ ਪਰੇਮ ਨਾਲ
ਸੰਗਤ 'ਚ ਬਾਣੀ ਰੂਪ ਅੰਮ੍ਰਿਤ ਵਸਾਇਆ ਗਿਆ
ਕੰਵਰ ਨੌਨਿਹਾਲ ਸਿੰਘ ਨਾਲ ਬੀਬੀ ਨਾਨਕੀ ਦਾ
ਗੁਰ-ਮਰਯਾਦਾ ਨਾਲ ਕਾਰਜ ਰਚਾਇਆ ਗਿਆ
ਚਾਰ ਲਾਵਾਂ ਕਰ, ਫਿਰ ਪੜ੍ਹਿਆ ਅਨੰਦ ਸਾਹਿਬ
ਕਰ ਅਰਦਾਸ ਸ਼ੁਭ ਸਗਨ ਮਨਾਇਆ ਗਿਆ

ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀਆਂ ਨੇ ਬੜੀ ਮਿੱਠੀ ਧੁੰਨ ਨਾਲ ਆਸਾ ਦੀ ਵਾਰ ਦਾ ਕੀਰਤਨ ਕੀਤਾ । ਧੇਤਿਆਂ ਪੁਤੇਤਿਆਂ ਬੇਅੰਤ ਮਾਇਆ ਅਰਦਾਸ ਕਰਾਉਂਦਿਆਂ ਦਿਲੀ ਸ਼ਰਧਾ ਪਰਗਟ ਕੀਤੀ । ਦਿਨ ਦੇ ਨੌਂ ਵਜੇ ਅਨੰਦ ਕਾਰਜ ਦੀ ਰਸਮ ਸ਼ੁਰੂ ਹੋਈ । ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੰਵਰ ਨੌਨਿਹਾਲ ਸਿੰਘ ਤੇ ਬੀਬੀ ਨਾਨਕੀ (ਸ: ਸ਼ਾਮ ਸਿੰਘ ਦੀ ਪੁੱਤਰੀ) ਦਾ ਵਿਆਹ ਪੂਰਨ ਗੁਰ-ਮਰਯਾਦਾ ਨਾਲ ਹੋਇਆ । ਪਹਿਲਾਂ ਲਾਵਾਂ ਦੇ ਚਾਰ ਸ਼ਬਦ ਪੜ੍ਹੇ ਗਏ । ਹਰ ਸ਼ਬਦ ਨਾਲ ਲੜਕੀ ਲੜਕੇ ਨੇ ਗ੍ਰੰਥ ਸਾਹਿਬ ਦੇ ਉਦਾਲੇ ਪਰਕਰਮਾ ਕੀਤੀ । ਫਿਰ ਅਨੰਦ ਸਾਹਿਬ ਦਾ ਪਾਠ ਹੋਇਆ । ਰਾਗੀਆਂ ਨੇ ਵਿ਼ਆਹ ਦੇ ਸ਼ਬਦ ਪੜ੍ਹੇ । ਗ੍ਰੰਥੀ ਸਾਹਿਬ ਨੇ ਵਿਖਿਆਨ ਵਿਚ ਸਮਝਾਇਆ, ਕਿ ਸਿੱਖੀ ਵਿਚ ਗ੍ਰਿਸਤ ਧਰਮ ਸਭ ਤੋਂ ਉਤਮ ਹੈ । ਇਸ ਗੱਲ ਨੂੰ ਸਿੱਧ ਕਰਨ ਬਦਲੇ ਉਹਨੇ, ਗੁਰਬਾਣੀ ਦੇ ਕਈ ਪ੍ਰਮਾਣ ਦਿਤੇ । ਨਾਲ ਹੀ ਆਪਣੇ ਕਥਨ ਦੀ ਪੁਸ਼ਟੀ ਵਾਸਤੇ ਉਹਨੇ ਭਾਈ ਗੁਰਦਾਸ ਜੀ ਦਾ ਕਬਿੱਤ ਪੜ੍ਹਿਆ ।

"ਜੈਸੇ ਸਰ ਸਰਿਤਾ ਸਕਲ ਮੈਂ ਸਮੁੰਦ੍ਰ ਬਡੋ
ਮੇਰ ਮੈਂ ਸੁਮੇਰ ਬਡੋ ਜਗਤ ਬਖਾਨ ਹੈ ।
ਤਰਵਰ ਬਿਖੈ ਜੈਸੇ ਚੰਦਨ ਬਿਰਖ ਬਡੋ
ਧਾਤ ਮੇਂ ਕਨਿਕ ਅਤਿ ਉਤਮ ਕੈ ਮਾਨ ਹੈ ।
ਪੰਛਿਨ ਮੈਂ ਹੰਸ, ਮ੍ਰਿਗ ਰਾਜਨ ਮੈਂ ਸਾਰਦੂਲ
ਰਾਗਨ ਮੈਂ ਸਿਰੀ ਰਾਗ, ਪਾਰਸ ਪਾਖਾਨ ਹੈ

ਗਯਾਨਨ ਮੈਂ ਗਯਾਨ, ਅਰ ਧਯਾਨਨ ਮੈ ਧਯਾਨ ਗੁਰੂ
ਸਕਲ ਧਰਮ ਮੈਂ ਗ੍ਰਿਹਸਤ ਪ੍ਰਧਾਨ ਹੈ ।੩੭੬।"

ਅਰਥ : ਸਰ ਤਾਲ, ਸਰੋਵਰ ।ਸਰਿਤਾ, ਨਦੀ ।ਜਿਵੇਂ ਸਭ ਸਰੋਵਰਾਂ ਤੇ ਦਰਿਆਵਾਂ ਵਿਚੋਂ ਸਮੁੰਦਰ ਵੱਡਾ ਹੈ ਤੇ ਮੇਰ (ਪਰਬਤਾਂ) ਵਿਚੋਂ ਸੁਮੇਰ ਪਰਬਤ ਦਾ ਦਰਜਾ ਉੱਚਾ ਮੰਨਿਆਂ ਗਿਆ ਹੈ ।ਜਿਵੇਂ ਸਭ ਬ੍ਰਿਛਾਂ ਵਿਚੋਂ ਗੁਣ ਕਰ ਕੇ ਚੰਦਨ ਉਤਮ ਮੰਨਿਆਂ ਗਿਆ। ਜਿਵੇਂ ਧਾਤਾਂ ਵਿਚੋਂ ਸੋਨਾ ਕੀਮਤੀ ਹੈ ਜਿਵੇਂ ਪੰਛੀਆਂ ਵਿਚੋ ਹੰਸ, ਤੇ (ਮ੍ਰਿਗ ਰਾਜਨ) ਸ਼ੇਰਾਂ ਵਿਚੋਂ (ਸਾਰਦੂਲ) ਬਬਰ ਸ਼ੇਰ ਵੱਡਾ ਹੈ ।ਰਾਗਾਂ ਵਿਚੋਂ ਸਿਰੀ ਰਾਗ ਤੇ ਪੱਥਰਾਂ ਵਿਚੋਂ ਪਾਰਸ ਉੱਤਮ ਹੈ ਜਿਵੇਂ ਬਾਕੀ (ਦਿਉਤਿਆਂ ਦੇ) ਗਿਆਨਾਂ ਵਿਚੋਂ ਗੁਰੂ (ਸਿੱਖੀ) ਦਾ ਗਿਆਨ ਉੱਤਮ ਹੈ ।ਬਾਕੀ ਧਿਆਨਾਂ (ਸਿਮਰਨ, ਸਮਾਧੀ) ਵਿਚੋਂ ਗੁਰੂ ਦਾ ਧਿਆਨ ਚੰਗਾ ਹੈ ।ਏਸੇ ਤਰ੍ਹਾਂ ਬਾਕੀ ਸਾਰੇ ਧਰਮਾਂ ਤੇ ਆਸ਼ਰਮਾਂ ਵਿਚੋਂ ਗ੍ਰਿਹਸਤ ਧਰਮ (ਆਸ਼ਰਮ) ਪ੍ਰਧਾਨ ਹੈ, ਉੱਤਮ ਹੈ ।

ਫਿਰ ਰਵਾਜ ਅਨੁਸਾਰ ਵੀਰਾਂ ਤੇ ਸਹੇਲੀਆਂ ਨੇ ਸਿੱਖਿਆ ਪੜ੍ਹ ਕੇ ਸੁਣਾਈਆਂ ।

ਬੈਂਤ

ਕਿਹਾ ਵੱਡਿਆਂ ਦਾ ਮਨੋਂ ਵਿੱਸਰੇ ਨਾ
ਯਾਦ ਰੱਖਣਾ ਸੁਘੜ ਸੁਜਾਨ ਬੀਬੀ
ਸੋਲਾਂ ਸਾਲ ਮਨ ਭਾਉਂਦੇ ਲਾਡ ਕਰ ਕੇ
ਕੀਤੀ ਮਾਪਿਆਂ ਪਾਲ ਜਵਾਨ ਬੀਬੀ
ਅੱਜ ਪਤੀ ਪਿਆਰੇ ਦੇ ਲੜ ਲਾਈ
ਕਰ ਕੇ ਚਤਰ ਸੁਚੱਜੀ ਵਿੱਦਵਾਨ ਬੀਬੀ
ਤੂੰ ਹੁਣ ਇਹਨਾਂ ਦੀ, ਇਹ ਨੇ ਸਾਕ ਤੇਰੇ
ਸਾਡਾ ਟੁਟਿਆ ਅੱਜ ਤੋਂ ਮਾਨ ਬੀਬੀ
ਮਾਤਾ ਪਿਤਾ ਹੁਣ ਤੋਂ ਸਮਝੀਂ ਸੱਸ ਸਹੁਰਾ
ਦੇਵਰ ਜੇਠ ਨੂੰ ਵੀਰ ਸਮਾਨ ਬੀਬੀ
ਹੋਰ ਨਣਦ, ਦਰਾਣੀ, ਜਠਾਣੀਆਂ ਦਾ
ਭੈਣਾਂ ਵਾਂਗਰਾਂ ਕਰੀਂ ਸਨਮਾਨ ਬੀਬੀ
ਆਦਰ ਆਂਢ ਗਵਾਂਢ ਬਣਾਈ ਰੱਖੀਂ

ਵਰਤੋਂ ਸਾਫ਼ ਤੇ ਮਿੱਠੀ ਜ਼ਬਾਨ ਬੀਬੀ
ਥੋੜਾ ਬੋਲਣਾ, ਹੌਲੀ ਤੇ 'ਜੀ' ਕਹਿ ਕੇ
ਪੂਜੀਂ ਪਤੀ ਨੂੰ ਸਮਝ ਭਗਵਾਨ ਬੀਬੀ
ਬਾਣੀ ਨਾਲ ਪਰੇਮ ਦੇ ਰੋਜ਼ ਪੜ੍ਹਨੀ
ਯਾਦ ਰੱਖਣੇ ਗੁਰੂ ਫ਼ੁਰਮਾਨ ਬੀਬੀ
ਉੱਤਮ ਇਸਤਰੀ ਦਾ ਧਰਮ ਪਤੀ-ਬਰਤਾ
'ਸੀਤਲ' ਕੂਕਦੇ ਵੇਦ ਪੁਰਾਨ ਬੀਬੀ

ਮਾਪੇ ਭਾਵੇਂ ਗ਼ਰੀਬ ਹੋਣ ਭਾਵੇਂ ਬਾਦਸ਼ਾਹ, ਕੰਨਿਆਂ ਦਾਨ ਵੇਲੇ ਉਹਨਾਂ ਦੀਆਂ ਅੱਖਾਂ ਜ਼ਰੂਰ ਭਰ ਆਉਂਦੀਆਂ ਹਨ। ਜਿਸ ਧੀ ਨੂੰ ਅੱਖਾਂ ਤੋਂ ਉਹਲੇ ਨਹੀਂ ਕਰੀਦਾ, ਉਸ ਨੇ ਵਿਛੜ ਕੇ, ਕਿਸੇ ਹੋਰ ਘਰ ਦੀ ਹੋ ਕੇ ਤੁਰ ਜਾਣਾ ਹੁੰਦਾ ਹੈ। ਤੁਰਦੀ ਧੀ ਨੂੰ ਮਾਂ ਇਕ ਇਕ ਸਾਹ ਨਾਲ ਅਸੀਸਾਂ ਤੇ ਸਿੱਖਿਆ ਦੇਂਦੀ ਹੈ।

ਕੋਰੜਾ

ਮਾਉਂ ਕਹਿੰਦੀ : ਸੁਣ ਬੱਚੀਏ ਪਿਆਰੀਏ
ਵੱਡਿਆਂ ਦੀ ਮੱਤ ਨਾ ਮਨੋ ਵਿਸਾਰੀਏ
ਗੁਰਾਂ ਦਾ ਹੁਕਮ ਮੰਨ ਮੌਜਾਂ ਮਾਣੀਏਂ
ਪਤੀ ਪਰਮੇਸ਼ਰ ਦਾ ਰੂਪ ਜਾਣੀਏਂ
ਪਿਆਰ ਪਤੀ ਦੇਵ ਦਾ ਵਸਾਈਏ ਚਿੱਤ ਨੀ
ਪੂਜੀਏ ਪਿਆਰੇ ਦੇ ਚਰਨ ਨਿੱਤ ਨੀ
ਟਹਿਲੋਂ ਮਹਿਲ ਪਾਈਦਾ ਏ ਧੀਏ ਰਾਣੀਏਂ
ਪਤੀ ਪਰਮੇਸ਼ਰ ਦਾ ਰੂਪ ਜਾਣੀਏਂ
ਆਪਣੇ ਪਤੀ ਨੂੰ ਜਿੰਨ੍ਹਾਂ ਰੱਬ ਮੰਨਿਆਂ
ਜੱਗ ਵਿਚ ਹੋਈ ਸਾਰੇ ਧੰਨ ਧੰਨ ਆਂ
ਪਿੰਗਲੇ ਦੀ ਜੱਗ ਜਾਣਦਾ ਕਹਾਣੀ ਏਂ
ਪਤੀ ਪਰਮੇਸ਼ਰ ਦਾ ਰੂਪ ਜਾਣੀਏਂ
ਸੀਤਾ ਦਾ ਪਰੇਮ ਗਾਵੇ ਜੱਗ ਸਾਰਾ ਨੀ
ਜਿੰਨ੍ਹੇ ਪਤੀ ਜਾਤਾ ਜਾਨ ਤੋਂ ਪਿਆਰਾ ਨੀ
ਰਾਧਾਂ ਮਸ਼ਹੂਰ ਸ਼ਾਮ ਦੀ ਸਵਾਣੀਂ ਏਂ
ਪਤੀ ਪਰਮੇਸ਼ਰ ਦਾ ਰੂਪ ਜਾਣੀਏਂ

ਲੋਈ ਨੇ ਨਿਭਾਈ ਨਾਲ ਜਿਉਂ ਕਬੀਰ ਦੇ
ਮੱਛੀ ਦੇ ਪ੍ਰਾਣ ਜੈਸੇ ਵਿਚ ਨੀਰ ਦੇ
ਜੱਗ ਪ੍ਰੀਤ ਜਲ ਦੁੱਧ ਦੀ ਨਸ਼ਾਣੀ ਏਂ
ਪਤੀ ਪਰਮੇਸ਼ਰ ਦਾ ਰੂਪ ਜਾਣੀਏਂ
ਹੋ ਜੈ ਹੱਥ ਜੋੜ ਬਖ਼ਸ਼ਾਈਏ ਭੁੱਲ ਨੂੰ
ਮਿੱਠਾ ਮਿੱਠਾ ਬੋਲ ਕੇ ਰਿਝਾਈਏ ਕੁੱਲ ਨੂੰ
ਕੌੜੀ ਗੱਲ ਮੂੰਹੋਂ ਨਾ ਕਦੇ ਵਖਾਣੀਏਂ
ਪਤੀ ਪਰਮੇਸ਼ਰ ਦਾ ਰੂਪ ਜਾਣੀਏਂ
ਘਰ ਵਿਚ ਪਾਈਏ ਨਾ ਕਲੇਸ ਨੀ
ਜੈਸਾ ਪਤੀ ਚਾਹੇ, ਸੋ ਬਣਾਈਏ ਵੇਸ ਨੀ
ਅੱਖ ਦਾ ਇਸ਼ਾਰਾ ਬੁੱਝੀਏ ਸਿਆਣੀਏਂ
ਪਤੀ ਪਰਮੇਸ਼ਰ ਦਾ ਰੂਪ ਜਾਣੀਏਂ
'ਸੀਤਲ' ਜੀ ਸਿੱਖੀਓਂ ਭੁਲਾਈਏ ਚਿੱਤ ਨਾ
ਮਾਣਸ ਜਨਮ ਮਿਲੇ ਨਿੱਤ ਨਿੱਤ ਨਾ
ਪਾ ਲਈਏ ਮੁਕਤ ਪੜ੍ਹ ਗੁਰਬਾਣੀ ਏਂ
ਪਤੀ ਪਰਮੇਸ਼ਰ ਦਾ ਰੂਪ ਜਾਣੀਏਂ

ਏਸ. ਤਰ੍ਹਾਂ ਚਾਵਾਂ ਮਲ੍ਹਾਰਾਂ ਨਾਲ ਇਹ ਕਾਰਜ ਸੰਪੂਰਨ ਹੋਇਆ । ਅਰਦਾਸ ਕਰ ਕੇ ਪ੍ਰਸਾਦ ਵਰਤਾਇਆ ਗਿਆ । ਤੇ ਜਾਂਞੀ ਆਪਣੇ ਟਿਕਾਣੇ ਤੇ ਆ ਗਏ ।

ਸ਼ੇਰੇ-ਪੰਜਾਬ ਦੇ ਪੋਤਰੇ ਦੇ ਵਿਆਹ ਦੀ ਸੋ ਸੁਣ ਕੇ ਸਾਰੇ ਦੇਸ ਦੇ ਲਾਗੀ ਤੇ ਮੰਗਤੇ ਕੱਠੇ ਹੋ ਗਏ ਸਨ । ਉਹਨਾਂ ਦੀ ਗਿਣਤੀ ਦਸ ਲੱਖ ਦੇ ਲਗਭਗ ਦੱਸੀ ਜਾਂਦੀ ਹੈ । ਸ਼ੇਰੇ-ਪੰਜਾਬ ਨੇ ਅਜੇਹੀ ਤਜਵੀਜ਼ ਸੋਚੀ, ਜਿਸ ਨਾਲ ਹਰ ਇਕ ਆਸਵੰਦ ਨੂੰ ਉਸ ਦਾ ਹਿੱਸਾ ਮਿਲ ਸਕੇ । ਨਾ ਤਾਂ ਕੋਈ ਖ਼ਾਲੀ ਰਹੇ, ਤੇ ਨਾ ਦੂਹਰਾ ਤੀਹਰਾ ਹਿੱਸਾ ਲੈ ਜਾਵੇ । ਏਸੇ ਦਿਨ ਬਾਹਰ ਖੁੱਲ੍ਹੇ ਮੈਦਾਨ ਵਿਚ ਚੁਫੇਰੇ ਫ਼ੌਜ ਖਲੀ ਕਰ ਕੇ ਪੰਜ ਮੀਲ ਚੌੜਾ ਤੇ ਪੰਜ ਮੀਲ ਲੰਮਾ ਇਕ ਵਾੜਾ ਬਣਾਇਆ ਗਿਆ । ਉਸ ਦੇ ਅੱਸੀ ਦਰਵਾਜ਼ੇ ਰੱਖੇ ਗਏ । ਸਭ ਮੰਗਤੇ ਇਕ ਵਾਰ ਉਸ ਵਾੜੇ ਵਿਚ ਦਾਖ਼ਲ ਕਰ ਦਿਤੇ ਗਏ । ਫਿਰ ਜੀ-ਪਰਤੀ ਇਕ ਇਕ ਰੁਪਇਆ ਦੇ ਕੇ ਸਭ ਨੂੰ ਬਾਹਰ ਕੱਢੀ ਗਏ । ਇਹ ਸਭ

ਕੁਛ ਸ਼ਾਹਜ਼ਾਦਾ ਖੜਕ ਸਿੰਘ ਤੇ ਮਿਸਰ ਬੇਲੀ ਰਾਮ ਦੇ ਪ੍ਰਬੰਧ ਥੱਲੇ ਹੋਇਆ ।

ਇਸ ਸਮੇਂ ਦੀ ਇਕ ਸੁਆਦੀ ਕਹਾਣੀ ਸੁਣੀ ਜਾਂਦੀ ਹੈ ।ਮੰਗਤਿਆਂ ਵਿਚੋਂ ਮਰਾਸੀ ਦਾਨ ਦੇਣ ਵਾਲਿਆਂ ਨਾਲ ਝਗੜਾ ਪਾ ਬੈਠਾ ।ਉਹਦੇ ਸਿਰ ਉਤੇ ਇਕ ਮਿੱਟੀ ਦਾ ਮੱਘਾ ਸੀ, ਜਿਸ ਦਾ ਮੂੰਹ ਕੱਪੜੇ ਨਾਲ ਬੱਧਾ ਹੋਇਆ ਸੀ ।ਜਦ ਉਸ ਨੂੰ ਇਕ ਰੁਪਇਆ ਦੇ ਕੇ ਬਾਹਰ ਜਾਣ ਲਈ ਕਿਹਾ, ਤਾਂ ਉਹਨੇ ਉਜ਼ਰ ਪੇਸ਼ ਕੀਤਾ, "ਮਹਾਰਾਜਾ ਸਾਹਿਬ ਦਾ ਹੁਕਮ ਜੀ-ਪਰਤੀ ਇਕ ਰੁਪਈਆ ਦੇਣ ਦਾ ਹੈ, ਤੇ ਮੇਰੇ ਨਾਲ ਕੁਛ ਹੋਰ ਜੀਂ ਵੀ ਹਨ ।ਕਿਰਪਾ ਕਰ ਕੇ ਉਹਨਾਂ ਦਾ ਹਿੱਸਾ ਵੀ ਦਿੱਤਾ ਜਾਵੇ ।" ਇਹ ਕਹਿ ਕੇ ਉਹਨੇ ਮੱਘੇ ਦਾ ਮੂੰਹ ਖੋਲ੍ਹਿਆ, ਜੋ ਕੀੜਿਆਂ ਨਾਲ ਭਰਿਆ ਹੋਇਆ ਸੀ ।

ਇਹ ਝਗੜਾ ਸ਼ੇਰੇ-ਪੰਜਾਬ ਕੋਲ ਪਹੁੰਚਿਆ ।ਮਹਾਰਾਜ ਨੇ ਹੱਸ ਕੇ ਕਿਹਾ, "ਠੀਕ ਹੈ, ਸਰਕਾਰ ਦਾ ਹੁਕਮ ਜੀ-ਪਰਤੀ ਇਕ ਰੁਪਇਆ ਦੇਣ ਦਾ ਹੈ ।ਸੋ, ਏਥੇ ਬਹਿ ਕੇ ਇਹਨਾਂ ਜੀਆਂ ਦੀ ਠੀਕ ਠੀਕ ਗਿਣਤੀ ਕਰ ਦੇ ।ਪਰ, ਮੀਰ! ਯਾਦ ਰੱਖਣਾ, ਜੇ ਇਕ ਜੀਂ ਵੀ ਵੱਧ ਘੱਟ ਗਿਣਿਆ ਗਿਆ, ਤਾਂ ਸਖ਼ਤ ਸਜ਼ਾ ਮਿਲੇਗੀ ।"

ਮਰਾਸੀ ਨੇ ਅਸੀਸ ਦੇਂਦਿਆਂ ਹੱਥ ਜੋੜ ਕੇ ਕਿਹਾ, "ਰਾਜ ਸਲਾਮਤ, ਜੁਗੋ ਜੁਗ ਬਾਦਸ਼ਾਹੀਆਂ, ਗੁਰੂ ਨਾਨਕ ਦੀਆਂ ਮਿਹਰਾਂ, ਸਰਕਾਰ ! ਜੇ ਅਸੀਂ ਏਡੇ ਹਿਸਾਬੀ ਕਤਾਬੀ ਹੁੰਦੇ, ਤਾਂ ਹੁਣ ਤਕ ਕਾਰੂੰ ਵਾਂਗ ਗੰਜ ਨਾ ਜੋੜ ਲੈਂਦੇ ? ਮਹਾਰਾਜ ਉੱਕਾ ਪੁੱਕਾ ਦੇ ਦੇਣ, ਜੋ, ਮੇਹਰ ਹੋਵੇ ।"

ਮਹਾਰਾਜ ਨੇ ਹੁਕਮ ਦਿਤਾ, ਕਿ ਉਸ ਦਾ ਓਹਾ ਮੱਘਾ ਰੁਪਇਆਂ ਨਾਲ ਭਰ ਦਿਤਾ ਜਾਵੇ ।ਦਾਨ ਲੈ ਕੇ ਮਰਾਸੀ ਅਸੀਸਾਂ ਦੇਂਦਾ ਘਰ ਨੂੰ ਪਰਤਿਆ ।

ਅਗਲੇ ਦਿਨ ਵਿਦਾਇਗੀ ਹੋਈ ।ਸ: ਸ਼ਾਮ ਸਿੰਘ ਨੇ ਰਾਜ ਵਿਚ ੧੦੧ ਘੋੜੇ ਸਾਜ਼, ੧੦੧ ਗਾਈਂ, ੧੦੧ ਮਹੀਂ, ੧੦੧ ਊਠ, ੧੧ ਹਾਥੀ, ੫੦੦ ਦੁਸ਼ਾਲੇ, ਸੋਨੇ ਚਾਂਦੀ ਦੇ ਬਰਤਨ, ਗਹਿਣੇ, ਹੀਰੇ, ਜਵਾਹਰਾਤ, ਰੇਸ਼ਮੀ ਕੱਪੜੇ ਤੇ ਨਕਦ ਧਨ ਦਿਤਾ। ਸਾਰੇ ਜਾਂਞੀਆਂ ਨੂੰ ਸਿਰੋਪਾਉ ਭੇਟ ਕੀਤੇ ।

ਇਸ ਵਿਆਹ ਉਤੇ ਸ: ਸ਼ਾਮ ਸਿੰਘ ਦਾ ਪੰਦਰਾਂ ਲੱਖ ਰੁਪਇਆ ਖ਼ਰਚ ਆਇਆ ।ਸ਼ੇਰੇ-ਪੰਜਾਬ ਦੇ ਖ਼ਰਚ ਦਾ ਅੰਦਾਜ਼ਾ ਵੀਹ ਲੱਖ ਤੋਂ ਵਧੇਰੇ ਹੈ ।

ਅਟਾਰੀ ਤੋਂ ਵਿਦਿਆ ਹੋ ਕੇ ਜੰਞ ਲਾਹੌਰ ਪਹੁੰਚੀ ।

ਪ੍ਰਸੰਗ ਲਿਖਿਆ ੧੮-੮-੫੭ ਈ:

ਸਾਡਾ ਇਕ ਤੂੰ

ਨਾ ਕਰ ਢੋਲਾ, ਮੇਰੀਆਂ ਰੀਸਾਂ !
ਲੱਖ ਸਿਫ਼ਤਾ ਤੇਰੇ ਵਿਚ ਹੋਸਨ,
ਪਰ ਇਕ ਆਸ਼ਕ ਦੇ ਦਿਲ ਵਾਂਗੂੰ,
ਸਹਿ ਨਹੀਂ ਸਕਦਾ ਬਿਰਹੋਂ ਚੀਸਾਂ ।
ਤੇਰੇ ਸਾਰੇ ਯਾਰ ਮੁਹੱਬਤੀ ਸਾਡਾ ਇਕ ਤੂੰ
ਤੂੰ ਹਰਜਾਈ, ਤੇ ਅਸੀਂ ਇਕ ਦੇ ਪ੍ਰੀਤ ਦੀਵਾ਼ਨੇ
ਛਡ ਕੇ ਇਕ ਜੋਤ ਨੂੰ ਭੰਬਟ ਜਾਏ ਨਾ ਹੋਰ ਥਾਂ
ਇਕੋ ਸ਼ਮ੍ਹਾਂ ਭੋਗਦੀ ਲੱਖਾਂ ਹੀ ਪਰਵਾਨੇ
ਸਾਂਝੀ ਪ੍ਰੀਤ-ਖੇਡ ਦੇ ਦੋਵੇਂ ਖੇਡਣ ਹਾਰ ਹਾਂ
ਐਪਰ ਦੋਹਾਂ ਦੇ ਨੇ ਵੱਖੋ ਵੱਖ ਨਸ਼ਾਨੇ
ਇਕ ਨਹੀਂ, ਲੱਖਾਂ ਤੈਨੂੰ ਮੇਰਾ ਮੇਰਾ ਆਖਦੇ
ਸਾਰੀ ਦੁਨੀਆਂ ਵੱਲੋਂ ਹੋ ਗਏ ਅਸੀਂ ਬਿਗਾਨੇ
ਇਕੋ ਕ੍ਰਿਸ਼ਨ ਰਾਧਾਂ ਦਾ, ਕ੍ਰਿਸ਼ਨ ਦੀਆਂ ਕਈ ਰਾਧਕਾਂ
ਇਕ ਦਿਲ ਸਾਫ਼ ਤੇ ਇਕ ਦਿਲ ਲੱਖਾਂ ਪੱਜ ਬਹਾਨੇ
'ਸੀਤਲ' ਆਸ਼ਕ ਅਤੇ ਮਾਸ਼ੂਕ ਭਗਤ ਭਗਵਾਨ ਨੇ
ਦੋਵੇਂ ਆਪੋ ਆਪਣੀ ਉਪਮਾ ਵਿਚ ਜ਼ਮਾਨੇ ।

੧੦-੪-੪੯ ਈ.

ਆਉਣ ਸਫ਼ਲ ਉਹਨਾਂ ਦਾ

ਆਉਣਾ ਸਫਲ ਉਹਨਾਂ ਦਾ ਦੁਨੀਆਂ ਦੇ ਵਿਚ 'ਸੀਤਲ'
ਜਿਹੜੇ ਤੁਰਦੇ ਏਥੋਂ ਆਪਣਾ ਜਨਮ ਸਵਾਰ ਕੇ
ਉਹਨਾਂ ਉਤੇ ਹੁੰਦਾ ਮਾਣ ਕੌਮ ਤੇ ਦੇਸ ਨੂੰ
ਜਿਉਂਦੇ ਵਤਨ ਲਈ ਜੋ ਦਿਲ ਵਿਚ ਮਰਨਾ ਧਾਰ ਕੇ
ਪੈ ਜੈ ਲੋੜ ਸਿਰਾਂ ਦੀ ਜਿੱਥੇ ਆਪਣੀ ਅਣਖ ਲਈ
ਅਪਣੇ ਹੱਥੀਂ ਭੇਟਾ ਧਰਦੇ ਸੀਸ ਉਤਾਰ ਕੇ
ਦੁਨੀਆਂ ਅੰਦਰ ਉਹ ਪਰਵਾਨੇ ਪੂਜੇ ਜਾਂਦੇ ਨੇ
ਹੱਥੀਂ ਆਪ ਜਗਾਉਂਦੇ ਜੋਤਾਂ ਸੋਚ ਵਿਚਾਰ ਕੇ
ਜਿਹੜੇ ਦੂੱਜਿਆਂ ਲਈ ਕੁਰਬਾਨੀ ਕਰਨਾ ਜਾਣਦੇ
ਉਹ ਸਿਰ ਦੇ ਕੇ ਵੀ ਜਿੱਤ ਜਾਂਦੇ, ਜਿਉਣ ਨਾ ਹਾਰ ਕੇ
ਸਤਿਗੁਰ ਤੇਗ਼ ਬਹਾਦਰ ਵਾਂਗੂ ਅਮਰ ਅਟੱਲ ਨੇ
ਰੱਖ ਲਈ ਜੜ੍ਹ ਧਰਮ ਦੀ ਆਪਣਾ ਸਭ ਕੁਛ ਵਾਰ ਕੇ
ਉਹਨਾਂ ਸਦਕਾ ਹੀ ਇਹ ਧਰਤੀ ਪੂਜਣ ਯੋਗ ਹੈ
ਸਿਜਦੇ ਕਰਦਾ ਅੰਬਰ ਝੁਕ ਸੀਸ ਉਲਾਰ ਕੇ
'ਸੀਤਲ' ਜਾਣੇ ਬਿਨਸ ਸਰੀਰ ਤੇ ਪਿਛੇ ਰਹਿਣਗੇ
ਏਥੇ ਕੀਤੇ ਜੋ ਸ਼ੁਭ ਕਰਮ ਇਹ ਜਾਮਾ ਧਾਰ ਕੇ ।

੧੫-੧੦-੬੮ ਈ.

ਜਾਮਾ ਇਹ ਇਨਸਾਨ ਦਾ

ਚੰਗੇ ਕਰਮਾਂ ਦਾ ਫਲ ਮਾਨਣ ਦੇ ਲਈ ਹੀਰਿਆ !
ਦਾਤੇ ਬਖ਼ਸ਼ਿਆ ਤੈਨੂੰ ਜਾਮਾ ਇਹ ਇਨਸਾਨ ਦਾ
ਉਹਦੇ ਭੇਜਿਆ ਤੈਨੂੰ ਦੇ ਕੇ ਸੱਭੇ ਸ਼ਕਤੀਆਂ
ਦੁਨੀਆਂ ਵਿਚ ਨੁਮਾਇੰਦਾ ਹੈਂ ਤੂੰ ਸ਼ਕਤੀਵਾਨ ਦਾ
ਭੁੱਲਿਆ ! ਮੰਗਦਾ ਏਂ ਵਰ ਕਿਹੜੇ ਦੇਵੀ ਦਿਉਤਿਆਂ ਤੋਂ
ਮੁੱਲ ਘਟਾਉਂਦਾ ਏਂ ਕਿਉਂ ਆਦਮ ਦੀ ਸੰਤਾਨ ਦਾ
ਤੇਰੇ ਆਦਮ ਨੂੰ ਸੀ ਸੀਸ ਝੁਕਾਇਆ ਦਿਉਤਿਆਂ
ਕੁਦਰਤ ਥਾਪਿਆ ਤੈਨੂੰ ਰੂਪ ਸਹੀ ਭਗਵਾਨ ਦਾ
ਤੇਰਾ ਧਰਮ ਏਂ ਸੁਰਗ ਬਨਾਉਣ ਇਸ ਸੰਸਾਰ ਨੂੰ
ਰੱਬ ਬਣਾਇਆ ਤੈਨੂੰ ਮਾਲਕ ਕੁੱਲ ਜਹਾਨ ਦਾ
ਲਾਰੇ ਜੰਨਤ ਦੇ 'ਤੇ ਜੁੱਗ ਬਿਤਾ ਲਏ ਕਮਲਿਆ !
ਝੋਰਾ ਕੇਹਾ ਹੁਣ ਉਸ ਬੀਤੀ ਤੇ ਪਛਤਾਨ ਦਾ
ਕਰ ਕੇ ਚਾਨਣ ਵੱਲ ਪਿੱਠ, ਆਪ ਹਨ੍ਹੇਰਾ ਕਰ ਲਿਆ
ਨਹੀਂ ਤਾਂ ਸੂਰਜ ਸੈਂ ਤੂੰ ਬ੍ਰਹਿਮੰਡ ਵਿਚ ਗਿਆਨ ਦਾ
ਸੱਚੀ ਪੁੱਛੇਂ 'ਸੀਤਲਾ' ਜੋਤ ਏਂ ਤੂੰ ਕਰਤਾਰ ਦੀ
ਨਿਕਲ ਭਰਮ 'ਚੋਂ ਕਿਉਂ ਨਹੀਂ ਆਪਣੇ ਮੂਲ ਪਛਾਨਦਾ ।

੧੫-੧੦-੬੮ ਈ.

ਤੇਰੇ ਉਪਾਸ਼ਕਾ ਨੂੰ

ਤੇਰੇ ਉਪਾਸ਼ਕਾਂ ਨੂੰ, ਹਰ ਥਾਂ ਦੀਦਾਰ ਤੇਰਾ
ਘਟ ਘਟ 'ਚ ਜੋਤ ਤੇਰੀ, ਹਰ ਦਿਲ 'ਚ ਪਿਆਰ ਤੇਰਾ
ਮੋਦੀ ਦੇ ਹੱਟ ਬੈਠਾ, ਭਰ ਭਰ ਕੇ ਤੋਲਦਾ ਸੈਂ
ਤੇ ਸ਼ਬਦ ਮਿੱਠੇ ਮਿੱਠੇ, ਰਸਨਾ 'ਚੋਂ ਬੋਲਦਾ ਸੈਂ
ਮੈਂ ਹਾ ਦਾਤਾਰ ਤੇਰਾ, ਮੈਂ ਹਾਂ ਦਾਤਾਰ ਤੇਰਾ
ਘਟ ਘਟ 'ਚ ਜੋਤ ਤੇਰੀ, ਹਰ ਦਿਲ 'ਚ ਪਿਆਰ ਤੇਰਾ
ਲਾਲੋ ਗ਼ਰੀਬ ਕਿਰਤੀ, ਗਲ ਨਾਲ ਤੂੰ ਲਗਾਇਆ
ਤੇ ਮਲਿਕ ਮਾਇਆਧਾਰੀ, ਦੇ ਮੂੰਹ 'ਤੇ ਕਹਿ ਸੁਣਾਇਆ
ਭਾਗੋ, ਇਹ ਲੈ ਡੁਬੇਗਾ, ਤੈਨੂੰ ਹੰਕਾਰ ਤੇਰਾ
ਘਟ ਘਟ 'ਚ ਜੋਤ ਤੇਰੀ, ਹਰ ਦਿਲ 'ਚ ਪਿਆਰ ਤੇਰਾ
ਕੁਰਬਾਨ ਕੋਧਰੇ ਤੋਂ, ਖੀਰਾਂ ਤੇ ਮਾਹਲ ਪੂੜੇ
ਤੇਰੀ ਨਜ਼ਰ 'ਚ ਬਾਬਾ, ਮਾਇਆ ਦੇ ਮਾਣ ਕੂੜੇ
ਭੁੱਖਾ ਪਿਆਰ ਦਾ ਹੈ, ਹਿਰਦਾ ਮੁਰਾਰ ਤੇਰਾ
ਘਟ ਘਟ 'ਚ ਜੋਤ ਤੇਰੀ, ਹਰ ਦਿਲ 'ਚ ਪਿਆਰ ਤੇਰਾ
ਉੱਚਿਆਂ ਤੇ ਨੀਂਵੀਆਂ ਦਾ, ਸਨਮਾਨ ਏਥੇ ਇਕੋ
ਇਨਸਾਨ ਏਥੇ ਇਕੋ, ਭਗਵਾਨ ਏਥੇ ਇਕੋ
ਲਾਲੋ ਗ਼ਰੀਬ ਤੇਰਾ, ਰਾਏ ਬੁਲਾਰ ਤੇਰਾ
ਘਟ ਘਟ 'ਚ ਜੋਤ ਤੇਰੀ, ਹਰ ਦਿਲ 'ਚ ਪਿਆਰ ਤੇਰਾ
ਠੱਗਾਂ ਲੁਟੇਰਿਆਂ ਨੂੰ, ਇਨਸਾਨ ਤੂੰ ਬਣਾਇਆ
ਮਾਣਸ ਤੋਂ ਦੇਵਤੇ ਕਰ, ਸੁਰਗਾਂ ਦਾ ਮੋਹ ਛੁਡਾਇਆ
ਅਣਹੋਏ ਲਾਰਿਆਂ ਤੋਂ, ਉੱਚਾ ਵਿਚਾਰ ਤੇਰਾ
ਘਟ ਘਟ 'ਚ ਜੋਤ ਤੇਰੀ, ਹਰ ਦਿਲ 'ਚ ਪਿਆਰ ਤੇਰਾ
ਨੈਣਾਂ 'ਚੋਂ ਰਹਿਮਤਾਂ ਦੇ, ਛੱਟੇ ਜਦੋਂ ਤੂੰ ਮਾਰੇ

ਕੌਡੇ ਜੇ ਰਾਕਸ਼ਾਂ ਦੇ, ਤਪਦੇ ਕੜਾਹੇ ਠਾਰੇ
ਇਕੋ ਇਸ਼ਾਰਾ ਕਾਫ਼ੀ, ਐ ਬਖ਼ਸ਼ਣਹਾਰ ਤੇਰਾ
ਘਟ ਘਟ 'ਚ ਜੋਤ ਤੇਰੀ, ਹਰ ਦਿਲ 'ਚ ਪਿਆਰ ਤੇਰਾ
ਬੰਦੇ ਨੂੰ ਹੋ ਹੈ ਜਾਂਦਾ, ਹੰਕਾਰ ਬੰਦਗੀ ਦਾ
ਵਰਤੇ ਵਲੀ ਕੰਧਾਰੀ, ਹਥਿਆਰ ਬੰਦਗੀ ਦਾ
ਉਸ ਨੂੰ ਵੀ ਸ਼ਾਂਤ ਕੀਤਾ, ਗੁਣ ਹੈ ਅਪਾਰ ਤੇਰਾ
ਘਟ ਘਟ 'ਚ ਜੋਤ ਤੇਰੀ, ਹਰ ਦਿਲ 'ਚ ਪਿਆਰ ਤੇਰਾ
ਬਾਬਰ ਨੇ ਜਬਰ ਕੀਤਾ, ਤੂੰ ਚੱਕੀਆਂ ਚਲਾਈਆਂ
ਲੱਖਾਂ ਦੀ ਕੱਟ ਚਰਾਸੀ, ਬੰਦਾਂ ਸੀ ਤੂੰ ਛੁਡਾਈਆਂ
ਉਪਕਾਰ ਯਾਦ ਰਹਿਸੀ, ਅੱਲਾਹ ਦੇ ਯਾਰ ਤੇਰਾ
ਘਟ ਘਟ 'ਚ ਜੋਤ ਤੇਰੀ, ਹਰ ਦਿਲ 'ਚ ਪਿਆਰ ਤੇਰ
ਦੱਸਿਆ ਸੀ ਪੰਡਤਾਂ ਨੂੰ, ਭਗਵਾਨ ਨੂੰ ਪਛਾਣੋ
ਕਾਅਬੇ 'ਚ ਵਾਅਜ਼ ਕੀਤਾ, ਇਨਸਾਨ ਨੂੰ ਪਛਾਣੋ
ਮੈਂ ਮੁੱਲ ਖ਼ਰੀਦ ਬੰਦਾ, ਪਰਵਰਦਗਾਰ ਤੇਰਾ
ਘਟ ਘਟ 'ਚ ਜੋਤ ਤੇਰੀ, ਹਰ ਦਿਲ 'ਚ ਪਿਆਰ ਤੇਰ
ਬਗ਼ਦਾਦ ਦੇ ਦੀਵਾਨੇ, ਪੱਥਰ ਉਠਾ ਕੇ ਆਏ
ਸ਼ਾਂਤੀ ਦੇ ਪੁੰਜ ਓਵੇਂ, ਬੁੱਲ੍ਹਾਂ, 'ਚ ਮੁਸਕਰਾਏ
ਬੰਦੇ ਨੂੰ ਆਸਰਾ ਹੈ, ਇਕ ਰਚਨਹਾਰ ਤੇਰਾ
ਘਟ ਘਟ 'ਚ ਜੋਤ ਤੇਰੀ, ਹਰ ਦਿਲ 'ਚ ਪਿਆਰ ਤੇਰ
ਕਲਿਜੁਗ 'ਚ ਆਣ ਕੇ ਤੂੰ ਇਕ 'ਸਚ' ਦੇ ਪੁਜਾਰੀ
ਹਉਮੈ ਤੇ ਈਰਖਾ ਵਿਚ, ਮਖ਼ਲੂਕ ਸੜਦੀ ਠਾਰੀ
'ਸੀਤਲ' ਦਾ ਆਸਰਾ ਹੈ, ਇਕੋ ਦੁਆਰ ਤੇਰਾ
ਘਟ ਘਟ 'ਚ ਜੋਤ ਤੇਰੀ, ਹਰ ਦਿਲ 'ਚ ਪਿਆਰ ਤੇਰ
ਤੇਰੇ ਉਪਾਸ਼ਕਾਂ ਨੂੰ, ਹਰ ਥਾਂ ਦੀਦਾਰ ਤੇਰਾ

੨੪-੧-੭੭